World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews

INDIA AUSTRALIA CANADA NEW-ZEALAND U.S.A. U.K. U.A.E. QATAR ITALY BELGIUM FRANCE GREECE GERMANY AFRICA MALAYSIA PHILIPPINES THAILAND INDONESIA MAURITIUS

NATIONAL WORLD EDUCATION SPORTS SCIENCE & TECHNOLOGY ENTERTAINMENT HEALTH & ENVIRONMENT HISTORY & CULTURE POLITICS LIFESTYLE LITERARY BUSINESS

# ਕਰੋਨਾ: ਦੇਸ਼ ’ਚ ਮੌਤਾਂ ਦਾ ਅੰਕੜਾ ਤਿੰਨ ਲੱਖ ਤੋਂ ਪਾਰ

## ਮੌਤਾਂ ਦੇ ਮਾਮਲੇ ’ਚ ਭਾਰਤ ਦੁਨੀਆ ’ਚ ਤੀਜੇ ਸਥਾਨ ’ਤੇ



**ਨਵੀਂ ਦਿੱਲੀ।** ਲਾਗ ਦੇ ਨਵੇਂ ਕੇਸਾਂ ਦੀ ਗਿਣਤੀ ਘਟ ਕੇ 2.22 ਲੱਖ ’ਤੇ ਪਹੁੰਚੀ ਦੇਸ਼ ’ਚ ਕਰੋਨਾਵਾਇਰਸ ਕਾਰਨ ਮਰਨ ਵਾਲਿਆਂ ਦੀ ਗਿਣਤੀ ਤਿੰਨ ਕਰੋੜ ਤੋਂ ਪਾਰ ਹੋ ਗਈ ਹੈ। ਭਾਰਤ ਮੌਤਾਂ ਦੇ ਮਾਮਲੇ ’ਚ ਹੁਣ ਅਮਰੀਕਾ ਅਤੇ ਬ੍ਰਾਜ਼ੀਲ ਤੋਂ ਬਾਅਦ ਦੁਨੀਆ ’ਚ ਤੀਜੇ ਨੰਬਰ ’ਤੇ ਆ ਗਿਆ ਹੈ। ਕੇਂਦਰੀ ਸਿਹਤ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਪਿਛਲੇ 24 ਘੰਟਿਆਂ ਦੌਰਾਨ 4,454 ਵਿਅਕਤੀਆਂ ਦੀ ਮੌਤ ਹੋਈ ਜਿਸ ਨਾਲ ਮ੍ਰਿਤਕਾਂ ਦੀ ਕੁੱਲ ਗਿਣਤੀ ਵਧ ਕੇ 3,03,720 ’ਤੇ ਪਹੁੰਚ ਗਈ ਹੈ। ਮੌਤਾਂ ਦੇ ਮਾਮਲੇ ’ਚ ਮਹਾਰ-ਾਸ਼ਟਰ ਪਹਿਲੇ ਸਥਾਨ ’ਤੇ ਹੈ ਜਿਥੇ 88,620 ਵਿਅਕਤੀ ਕਰੋਨਾ ਕਾਰਨ ਮਾਰੇ ਗਏ ਹਨ। ਇਸ ਤੋਂ ਬਾਅਦ ਕਰਨਾਟਕ (25,282), ਦਿੱਲੀ (23,202), ਤਾਮਿਲ ਨਾਡੂ (20,468), ਉੱਤਰ ਪ੍ਰਦੇਸ਼ (19,209), ਪੱਛਮੀ ਬੰਗਾਲ (14,364), ਪੰਜਾਬ (13,281) ਅਤੇ ਛੱਤੀਸਗੜ੍ਹ (12,586) ਦਾ ਨੰਬਰ ਆਉਂਦਾ ਹੈ।

ਸਿਹਤ ਮੰਤਰਾਲੇ ਮੁਤਾਬਕ 70 ਫ਼ੀਸਦੀ ਤੋਂ ਜ਼ਿਆਦਾ ਮੌਤਾਂ ਉਨ੍ਹਾਂ ਵਿਅਕਤੀਆਂ ਦੀ ਹੋਈ ਹੈ ਜੋ ਹੋਰ ਰੋਗਾਂ ਤੋਂ ਵੀ ਪੀੜਤ ਸਨ। ਉਂਜ ਮੁਲਕ ’ਚ 2,22,315 ਨਵੇਂ ਕੇਸ ਸਾਹਮਣੇ ਆਏ ਹਨ। ਇਹ ਅੰਕੜਾ ਪਿਛਲੇ 38 ਦਿਨਾਂ ’ਚ ਸਭ ਤੋਂ ਘੱਟ ਹੈ। ਦੇਸ਼ ’ਚ 16 ਅਪਰੈਲ ਨੂੰ 2,17,353 ਲਾਗ ਦੇ ਨਵੇਂ ਕੇਸ ਦਰਜ ਹੋਏ ਸਨ। ਸਰਗਰਮ ਕੇਸਾਂ ਦੀ ਗਿਣਤੀ ਵੀ ਘੱਟ ਕੇ 27,20,716 ਰਹਿ ਗਈ ਹੈ ਜਦਕਿ ਸਿਹਤਯਾਬੀ ਦਰ 88.69 ਫ਼ੀਸਦ ’ਤੇ ਪਹੁੰਚ ਗਈ ਹੈ। ਕਰੋਨਾ ਤੋਂ ਤੰਦਰੁਸਤ ਹੋਣ ਵਾਲੇ ਲੋਕਾਂ ਦੀ ਗਿਣਤੀ 2,37,28,011 ਹੋ ਗਈ ਹੈ। ਆਈਸੀਐੱਮਆਰ ਮੁਤਾਬਕ 23 ਮਈ ਤੱਕ 33,05,36,064 ਨਮੂਨੇ ਲਏ ਗਏ ਜਿਨ੍ਹਾਂ ’ਚੋਂ ਐਤਵਾਰ ਨੂੰ 19,28,127 ਵਿਅਕਤੀਆਂ ਦੇ ਟੈਸਟ ਕੀਤੇ ਗਏ। ਉਧਰ ਲਗਾਤਾਰ 11ਵੇਂ ਦਿਨ ਨਵੇਂ ਕੇਸਾਂ ਦੀ ਗਿਣਤੀ ਤੰਦਰੁਸਤ ਹੋਣ ਵਾਲਿਆਂ ਨਾਲੋਂ ਘੱਟ ਰਹੀ। ਸਿਹਤ ਮੰਤਰਾਲੇ ਮੁਤਾਬਕ ਪਾਜ਼ੇਟੀਵਿਟੀ ਦਰ 8.09 ਫ਼ੀਸਦ ’ਤੇ ਪਹੁੰਚ ਗਈ ਹੈ। ਰੋਜ਼ਾਨਾ ਦੇ ਨਵੇਂ ਕੇਸਾਂ ਅਤੇ ਰੋਜ਼ ਸਿਹਤਯਾਬ ਹੋਣ ਵਾਲੇ ਕੇਸਾਂ ’ਚ ਅੰਤਰ ਵੀ ਘਟ ਕੇ 80,229 ਰਹਿ ਗਿਆ ਹੈ। -ਪੀਟੀਆਈ

**ਤੀਜੀ ਲਹਿਰ ਦੌਰਾਨ ਬੱਚਿਆਂ ਦੇ ਪ੍ਰਭਾਵਿਤ ਹੋਣ ਦੇ ਅਜੇ ਸੰਕੇਤ ਨਹੀਂ ਮਿਲੇ: ਕੇਂਦਰ**

ਕੇਂਦਰੀ ਸਿਹਤ ਮੰਤਰਾਲੇ ਨੇ ਅੱਜ ਕਿਹਾ ਹੈ ਕਿ ਅਜੇ ਤੱਕ ਕੋਈ ਸੰਕੇਤ ਨਹੀਂ ਮਿਲੇ ਹਨ ਕਿ ਕੋਵਿਡ-19 ਦੀ ਤੀਜੀ ਲਹਿਰ ’ਚ ਬੱਚੇ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਣਗੇ। ਬੱਚਿਆਂ ਅਤੇ ਨੌਜਵਾਨਾਂ ’ਤੇ ਮਹਾਮਾਰੀ ਦੇ ਪੈ ਰਹੇ ਅਸਰ ਬਾਰੇ ਏਮਸ ਦਿੱਲੀ ਦੇ ਡਾਇਰੈਕਟਰ ਰਣਦੀਪ ਗੁਲੇਰੀਆ ਨੇ ਕਿਹਾ ਕਿ ਬੱਚਿਆਂ ਨੂੰ ਮਹਾਮਾਰੀ ਦੌਰਾਨ ਮਾਨਸਿਕ ਤਣਾਅ, ਸਮਾਰਟਫੋਨ ਦੀ ਲੱਤ ਅਤੇ ਸਿੱਖਿਆ ਚੁਣੌਤੀਆਂ ਕਾਰਨ ਨੁਕਸਾਨ ਸਹਿਣਾ ਪੈ ਰਿਹਾ ਹੈ। ਮੰਤਰਾਲੇ ਨੇ ਕਿਹਾ ਕਿ ਪਿਛਲੇ 17 ਦਿਨਾਂ ’ਚ ਦੇਸ਼ ਅੰਦਰ ਕਰੋਨਾ ਦੇ ਨਵੇਂ ਕੇਸਾਂ ’ਚ ਲਗਾਤਾਰ ਇਕਸਾਰ ਗਿਰਾਵਟ ਦਰਜ ਹੋਈ ਹੈ।

# ਪੰਜਾਬ ਕਾਂਗਰਸ ਦੀ ਖਾਨਾਜੰਗੀ: ਪਰਗਟ, ਰੰਧਾਵਾ ਤੇ ਚੰਨੀ ਨੇ ਕੈਪਟਨ ਵਿਰੁੱਧ ਲੜਾਈ ਮੁੜ ਭਖਾਈ

## ਪਰਗਟ ਸਿੰਘ ਨੇ ਕੈਪਟਨ ਨੂੰ ਆਉਂਦੀਆਂ ਵਿਧਾਨ ਸਭਾ ਚੋਣਾਂ ਦੀ ਅਗਵਾਈ ਦੇ ਅਯੋਗ ਦੱਸਿਆ

**ਚੰਡੀਗੜ੍ਹ।** ਪੰਜਾਬ ਕਾਂਗਰਸ ਅੰਦਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧੀ ਧੜੇ ਨੇ ਮੁੜ ਤੋਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਪਰਗਟ ਸਿੰਘ ਦੇ ਸਰਕਾਰੀ ਫਲੈਟ ’ਤੇ ਅੱਜ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਚਰਨਜੀਤ ਸਿੰਘ ਚੰਨੀ ਨੇ ਮੀਟਿੰਗ ਕੀਤੀ। ਸੂਤਰਾਂ ਦਾ ਦੱਸਣਾ ਹੈ ਕਿ ਇਸ ਮੀਟਿੰਗ ਦੌਰਾਨ ਕਾਂਗਰਸ ਹਾਈ ਕਮਾਂਡ ਦੇ ਰੁਖ਼ ’ਤੇ ਚਰਚਾ ਕੀਤੀ ਗਈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਮੁੱਖ ਮੰਤਰੀ ਵਿਰੋਧੀ ਧੜੇ ਨੇ ਇਸ ਗੱਲ ’ਤੇ ਵੀ ਵਿਚਾਰ ਕੀਤਾ ਕਿ ਜੇਕਰ ਹਾਈ ਕਮਾਂਡ ਨੇ ਪੰਜਾਬ ਕਾਂਗਰਸ ’ਚ ਛਿੜੀ ਲੜਾਈ ਦਾ ਤੁਰੰਤ ਹੱਲ ਨਾ ਕੱਢਿਆ ਤਾਂ ਭਵਿੱਖ ਵਿੱਚ ਕਿਸ ਤਰ੍ਹਾਂ ਦੀ ਰਣਨੀਤੀ ਅਪਣਾਏ ਜਾਣ ਦੀ ਜ਼ਰੂਰਤ ਹੈ। ਮੀਟਿੰਗ ਤੋਂ ਬਾਅਦ ਰੰਧਾਵਾ ਅਤੇ ਚੰਨੀ ਨੇ ਤਾਂ ਮੀਟਿੰਗ ਸਬੰਧੀ ਤੇ ਭਵਿੱਖ ਦੀ ਰਣਨੀਤੀ ਬਾਰੇ ਕੋਈ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਵਿਧਾਇਕ ਪਰਗਟ ਸਿੰਘ ਨੇ ਮੁੱਖ ਮੰਤਰੀ ਦੀ ਕਾਰਗੁਜ਼ਾਰੀ ’ਤੇ ਤਿੱਖੀਆਂ ਟਿੱਪਣੀਆਂ ਕੀਤੀਆਂ। ਪਰਗਟ ਸਿੰਘ ਨੇ ਇੱਥੋਂ ਤੱਕ ਕਿਹਾ ਕਿ ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਕਾਮਯਾਬ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਇਹ ਗੱਲ ਤਾਂ ਉਨ੍ਹਾਂ ਮੁੱਖ ਮੰਤਰੀ ਦੇ ਸਾਹਮਣੇ ਆਖੀ ਸੀ ਕਿ ਹੋਰਨਾਂ ਦਾ ਸਰਵੇਖਣ ਕਰਾਉਣ ਦੀ ਥਾਂ ਸਭ ਤੋਂ ਪਹਿਲਾਂ ਕੈਪਟਨ ਆਪਣੇ ਬਾਰੇ ਹੀ ਸਰਵੇਖਣ ਕਰਵਾ ਲੈਣ ਕਿ ਲੋਕਾਂ



’ਚ 2017 ਦੀਆਂ ਚੋਣਾਂ ਤੋਂ ਪਹਿਲਾਂ ਵਾਲੀ ਗੱਲ ਹੈ ਜਾਂ ਨਹੀਂ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਲੋਕਾਂ ’ਚ ਆਪਣਾ ਅਧਾਰ ਪੂਰੀ ਤਰ੍ਹਾਂ ਗੁਆ ਚੁੱਕੇ ਹਨ। ਬਾਗੀ ਧੜੇ ਦੇ ਇਸ ਵਿਧਾਇਕ ਨੇ ਅਮਰਗੜ੍ਹ ਤੋਂ ਪਾਰਟੀ ਵਿਧਾਇਕ ਸੁਰਜੀਤ ਸਿੰਘ ਧੀਮਾਨ ਵੱਲੋਂ ਵਿਧਾਇਕਾਂ ਵੱਲੋਂ ਖੁੱਲ੍ਹੀ ਬਗਾਵਤ ਕਰਨ ਦੇ ਦਿੱਤੇ ਸੱਦੇ ਦੀ ਵੀ ਹਮਾਇਤ ਕੀਤੀ। ਮਹੱਤਵਪੂਰਨ ਤੱਥ ਇਹ ਹੈ ਕਿ ਸ੍ਰੀ ਧੀਮਾਨ ਨੇ ਕਾਂਗਰਸ ਦੇ ਵਿਧਾਇਕਾਂ ਨੂੰ ਸੱਦਾ ਦਿੱਤਾ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਤਖਤਾ ਪਲਟ ਦਿੱਤਾ ਜਾਵੇ। ਪਰਗਟ ਸਿੰਘ ਨੇ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੂਬਾ ਪ੍ਰਧਾਨ ਦੋਹਾਂ ਧੜਿਆਂ ਦਰਮਿਆਨ ਸੰਤੁਲਨ ਬਣਾ ਕੇ ਰੱਖ ਰਹੇ ਹਨ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਅੱਜ ਦੀ ਮੀਟਿੰਗ ਦੌਰਾਨ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਵੱਲੋਂ ਉਠਾਏ ਸਵਾਲਾਂ ਦਾ ਜਵਾਬ ਦੇਣ ਲਈ ਮੀਡੀਆ ’ਚ ਜਾਣ ਦੀ ਸਲਾਹ ਵੀ ਦਿੱਤੀ। ਪਤਾ ਲੱਗਾ ਹੈ ਕਿ ਸ੍ਰੀ ਚੰਨੀ ਨੇ ਹਾਈ ਕਮਾਂਡ ਦੇ ਰੁਖ ਦਾ ਇੰਤਜ਼ਾਰ ਕਰਨ ਦੀ ਗੱਲ ਕਹੀ ਹੈ। ਬਾਗੀ ਧੜੇ ਦੀਆਂ ਤਾਜ਼ਾ ਗਤੀਵਿਧੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਹੁਣ ਤੱਕ ਪਾਰਟੀ ਹਾਈ ਕਮਾਂਡ ਵੱਲੋਂ ਦਖ਼ਲ ਦੇ ਕੇ ਜ਼ੁਬਾਨਬੰਦੀ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋਈਆਂ। ਬਾਗੀ ਧੜੇ ਦਾ ਇਹ ਵੀ ਕਹਿਣਾ ਹੈ ਕਿ ਹਾਈ ਕਮਾਂਡ ਤੋਂ ਬਹੁਤੀਆਂ ਉਮੀਦਾਂ ਨਹੀਂ ਰੱਖਣੀਆਂ ਚਾਹੀਦੀਆਂ।

# ਕਾਲਾ ਦਿਨ: ਹਰ ਵਰਗ ਨੂੰ ਸ਼ਮੂਲੀਅਤ ਦਾ ਸੱਦਾ



**ਚੰਡੀਗੜ੍ਹ।** ਕਿਸਾਨ ਜਥੇਬੰਦੀਆਂ ਨੇ ਪੰਜਾਬ ਦੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਵਿਦਿਆਰਥੀਆਂ, ਮੁਲਾਜ਼ਮਾਂ, ਸਾਹਿਤਕਾਰਾਂ, ਰੰਗਕਰਮੀਆਂ, ਟਰਾਂਸਪੋਰਟਰਾਂ, ਵਪਾਰੀਆਂ ਤੇ ਦੁਕਾਨਦਾਰਾਂ ਸਮੇਤ ਹਰ ਵਰਗ ਨੂੰ 26 ਮਈ ਦੇ ‘ਕਾਲਾ ਦਿਵਸ’ ਪ੍ਰਦਰਸ਼ਨਾਂ ’ਚ ਸ਼ਾਮਲ ਹੋ ਕੇ ਰੋਸ ਪ੍ਰਗਟਾਉਣ ਦੀ ਅਪੀਲ ਕੀਤੀ ਹੈ। ਇਸੇ ਦੌਰਾਨ ਪੰਜਾਬ ਭਰ ਤੋਂ ਦਿੱਲੀ ਮੋਰਚੇ ਵਿੱਚ ਸ਼ਮੂਲੀਅਤ ਲਈ ਕਿਸਾਨਾਂ ਦੇ ਵੱਡੇ ਕਾਫਲੇ ਵੀ ਕੂਚ ਕੀਤੇ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਦੇਸ਼ਵਿਆਪੀ ਕਿਸਾਨ ਅੰਦੋਲਨ ਦੇ 6 ਮਹੀਨੇ ਪੂਰੇ ਹੋਣ ’ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ ਵਿਰੋਧ ਜਤਾਉਣ ਲਈ 26 ਮਈ ਨੂੰ ‘ਕਾਲਾ ਦਿਵਸ’ ਮਨਾਉਣ ਲਈ ਦਿੱਤੇ ਸੱਦੇ ਸਬੰਧੀ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਤਿਆਰੀ ਕਰ ਲਈ ਹੈ। ਕਿਸਾਨ ਆਗੂਆਂ ਨੇ ਅਪੀਲ ਕੀਤੀ ਕਿ ਕਾਲੀਆਂ ਪੱਗਾਂ ਅਤੇ ਕਾਲੀਆਂ ਚੁੰਨੀਆਂ ਨਾਲ ਪੱਕੇ ਧਰਨਿਆਂ ’ਚ ਸ਼ਮੂਲੀਅਤ ਕੀਤੀ ਜਾਵੇ ਤੇ ਚੌਕਾਂ ’ਚ ਵੀ ਨਾਅਰਿਆਂ ਵਾਲੇ ਫਲੈਕਸ ਲੈ ਕੇ ਪ੍ਰਦਰਸ਼ਨ ਕੀਤੇ ਜਾਣ। ਉਨ੍ਹਾਂ ਕਿਹਾ ਕਿ ਘਰਾਂ, ਦੁਕਾਨਾਂ, ਦਫਤਰਾਂ, ਟਰੈਕਟਰਾਂ, ਕਾਰਾਂ, ਜੀਪਾਂ, ਸਕੂਟਰਾਂ ਮੋਟਰਸਾਈਕਲਾਂ, ਬੱਸਾਂ, ਟਰੱਕਾਂ ’ਤੇ ਕਾਲੇ ਝੰਡੇ ਲਾ ਕੇ ਖੇਤੀ ਕਾਨੂੰਨਾਂ, ਬਿਜਲੀ ਸੋਧ ਬਿੱਲ ਤੇ ਪਰਾਲੀ ਆਰਡੀਨੈਂਸ ਦਾ ਵਿਰੋਧ ਕੀਤਾ ਜਾਵੇਗਾ। ਕਿਸਾਨ ਜਥੇਬੰਦੀਆਂ ਵੱਲੋਂ ਜਾਰੀ ਪੱਕੇ ਧਰਨਿਆਂ ਦੇ 236ਵੇਂ ਦਿਨ ਵੱਖ ਵੱਖ ਥਾਵਾਂ ’ਤੇ ਅੱਜ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਉਨ੍ਹਾਂ ਦੇ ਜਨਮ ਦਿਹਾੜੇ ਮੌਕੇ ਯਾਦ ਕੀਤਾ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਸ਼ਹੀਦ ਸਰਾਭਾ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹੈ। ਪੰਜਾਬ ਦਾ ਇਤਿਹਾਸ ਸ਼ੁਰੂ ਤੋਂ ਹੀ ਸੰਘਰਸ਼ਾਂ ਭਰਿਆ ਰਿਹਾ ਹੈ ਅਤੇ ਹੁਣ ਕੇਂਦਰ ਦੇ ਖੇਤੀ ਕਾਨੂੰਨਾਂ ਖਿਲਾਫ਼ ਕਿਸਾਨਾਂ ਨੇ ਪੱਕੇ ਧਰਨੇ ਲਾਏ ਹੋਏ ਹਨ। ਇਸ ਵਾਰ ਕਿਸਾਨਾਂ ਦੇ ਧਰਨੇ ਵਿੱਚ ਨੌਜਵਾਨ ਪੀੜ੍ਹੀ ਵੀ ਵੱਡੇ ਪੱਧਰ ’ਤੇ ਸ਼ਾਮਲ ਹੈ, ਜਿਸ ਨੇ ਨੌਜਵਾਨ ਏਕਤਾ ਦੀ ਨਵੀਂ ਮਿਸਾਲ ਕਾਇਮ ਕੀਤੀ ਹੈ। ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਸੂਬੇ ’ਚ ਟੌਲ ਪਲਾਜ਼ਿਆਂ, ਰਿਲਾਇੰਸ ਪੰਪ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ ’ਚ ਕਿਸਾਨ ਆਗੂਆਂ ਨੇ ਦੁਹਰਾਇਆ ਕਿ ਸੰਘਰਸ਼ ਦੇ 6 ਮਹੀਨੇ ਬੀਤਣ ’ਤੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੇਰੁਖੀ ਧਾਰੀ ਹੋਈ ਹੈ, ਪਰ ਉਹ ਇਹ ਭੁੱਲ ਜਾਣ ਕੇ ਕਿਸਾਨ ਨਿਰਾਸ਼ ਹੋ ਕੇ ਘਰਾਂ ਨੂੰ ਮੁੜ ਜਾਣਗੇ, ਸੰਘਰਸ਼ ਲਗਾਤਾਰ ਜਾਰੀ ਰਹੇਗਾ। ਆਗੂਆਂ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਖੇਤੀ ਕਾਨੂੰਨ, ਪਰਾਲੀ ਆਰਡੀਨੈਂਸ ਅਤੇ ਬਿਜਲੀ ਸੋਧ ਬਿੱਲ 2020 ਤੁਰੰਤ ਰੱਦ ਕਰੇ। ਉਨ੍ਹਾਂ ਕਿਹਾ ਕਿ 26 ਮਈ ਨੂੰ ‘ਕਾਲਾ ਦਿਵਸ’ ਮਨਾਉਂਦਿਆਂ ਖੇਤੀ ਕਾਨੂੰਨਾਂ ਦੇ ਪੁਤਲੇ ਫੂਕ ਕੇ ਪ੍ਰਦਰਸ਼ਨ ਕੀਤੇ ਜਾਣਗੇ।

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਨਸਲਪ੍ਰਸਤ ਸਿਆਸਤ ਦੀਆਂ ਜਟਿਲਤਾਵਾਂ

ਕੁਝ ਦਿਨ ਪਹਿਲਾਂ ਬਰਤਰਫ਼ ਅਮਰੀਕੀ ਪੁਲੀਸ ਅਫ਼ਸਰ ਡੈਰਿਕ ਸ਼ੌਵਿਨ ਨੂੰ ਪਿਛਲੇ ਸਾਲ ਮਿਨਿਆਪੋਲਿਸ ਵਿਚ ਜੌਰਜ ਫਲਾਇਡ ਦੀ ਹੱਤਿਆ ਦੇ ਕੇਸ ਵਿਚ ਦੂਜੇ ਦਰਜੇ ਦੇ ਗ਼ੈਰ-ਇਰਾਦਾ ਹੱਤਿਆ, ਤੀਜੇ ਦਰਜੇ ਦੇ ਹੱਤਿਆ, ਦੂਜੇ ਦਰਜੇ ਦੀ ਮਾਨਵ ਹੱਤਿਆ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। ਦੁਨੀਆ ਭਰ ਵਿਚ ਭਾਵੇਂ ਇਸ ਫ਼ੈਸਲੇ ਦੀ ਗੂੰਜ ਸੁਣਾਈ ਦਿੱਤੀ ਹੈ ਪਰ ਇਹ ਅਮਰੀਕਾ ਵਿਚ ਲੰਮੇ ਸਮੇਂ ਤੋਂ ਪਨਪਦੀ ਆ ਰਹੀ ਨਸਲਪ੍ਰਸਤੀ ਦਾ ਅੰਤ ਨਹੀਂ ਹੈ ਜਦਕਿ ਸ਼ੌਵਿਨ ਨੇ ਮੁਕੱਦਮੇ ਦੀ ਕਾਰਵਾਈ ਨਵੇਂ ਸਿਰਿਓਂ ਚਲਾਉਣ ਦੀ ਮੰਗ ਕੀਤੀ ਹੈ। ਇਹ ਮੁਕੱਦਮਾ ਸ਼ੁਰੂ ਹੋਣ ਤੋਂ ਕੁਝ ਦਿਨ ਬਾਅਦ ਹੀ 21 ਸਾਲਾਂ ਦੇ ਡਾਉਂਟੇ ਰਾਈਟ ਤੇ ਗੋਲੀ ਚਲਾਉਣ ਦੀ ਘਟਨਾ ਤੋਂ ਹੀ ਇਹ ਸਵਾਲ ਉੱਠਣੇ ਸ਼ੁਰੂ ਹੋ ਗਏ ਕਿ ਇਸ ਨਾਲ ਪੁਲੀਸ ਬਲ ਦੀ ਮਾਨਸਿਕਤਾ 'ਚ ਛੇਤੀ ਕੀਤਿਆਂ ਕੋਈ ਖ਼ਾਸ ਫ਼ਰਕ ਆਉਣ ਵਾਲਾ ਨਹੀਂ ਹੈ ਜੋ ਮਾਮੂਲੀ ਭੜਕਾਹਟ ਤੋਂ ਹੀ ਮਿਰਚਾਂ ਦਾ ਸਪਰੇਅ, ਅੱਥਰੂ ਗੈਸ ਤੇ ਰਬੜ ਦੀਆਂ ਗੋਲੀਆ ਚਲਾਉਣ ਦੀ ਆਦੀ ਹੋ ਚੁੱਕੀ ਹੈ। ਮੀਡੀਆ ਕਰਮੀਆ ਤੇ ਹਮਲੇ ਆਮ ਦਸਤੂਰ ਬਣ ਗਿਆ ਹੈ। ਸ਼ਿਕਾਗੋ ਵਿਚ ਲੈਕੁਆਨ ਮੈਕਡੋਨਲਡ ਦੀ ਪਿੱਠ ਵਿਚ ਗੋਲੀ ਮਾਰਨ ਦੀ ਘਟਨਾ ਵਾਪਰੀ ਹੈ ਅਤੇ ਨੌਰਥ ਚਾਰਲਸਟਨ ਦੀ ਘਟਨਾ ਦੀ ਵੀਡਿਓ ਹਟਾ ਦਿੱਤੀ ਗਈ ਸੀ ਜਿਸ 'ਚ ਇਕ ਪੁਲੀਸ ਅਫ਼ਸਰ ਨੂੰ ਵਾਲਟਰ ਸਕੌਟ ਦੀ ਪਿੱਠ 'ਚ ਗੋਲੀ ਮਾਰਦਿਆਂ ਦੇਖਿਆ ਗਿਆ ਸੀ, ਉਸ ਦੀ ਦੇਹ ਕੋਲ ਟੇਜ਼ਰ (ਬਿਜਲੀ ਦਾ ਝਟਕਾ ਦੇਣ ਵਾਲਾ ਘੱਟ ਖ਼ਤਰਨਾਕ ਹਥਿਆਰ) ਪਿਆ ਸੀ। ਇਸ ਨੂੰ ਚੋਰੀ ਦਾ ਮਾਮਲਾ ਦਰਸਾਇਆ ਜਾ ਰਿਹਾ ਸੀ।

ਸਾਰੇ ਕੇਸਾਂ ਦੀ ਅਦਾਲਤੀ ਕਾਰਵਾਈ ਸੁਚੱਜੇ ਢੰਗ ਨਾਲ ਨਾ ਹੋ ਸਕੀ। ਗਹਿਰੀ ਨਸਲਪ੍ਰਸਤ ਮਾਨਸਿਕਤਾ ਨੂੰ ਬਦਲਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਅਮਰੀਕਾ ਵਿਚ ਨਸਲਪ੍ਰਸਤੀ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਅਸੀਂ ਦੇਖਿਆ ਹੈ ਕਿ ਕਿਵੇਂ ਡੋਨਲਡ ਟਰੰਪ ਦੇ ਕਾਰਜਕਾਲ ਦੇ ਅੰਤਲੇ ਸਮੇਂ ਦੌਰਾਨ ਉਨ੍ਹਾਂ ਦੀ ਪ੍ਰਚਾਰ ਮੁਹਿੰਮ ਪੂਰੀ ਤਰ੍ਹਾਂ ਵੰਡਪਾਊ ਧਾਰਨਾਵਾਂ ਤੇ ਉਸਾਰੀ ਗਈ ਸੀ, ਬਹੁ-ਵਾਦ ਦੀ ਨਿਖੇਧੀ ਕੀਤੀ ਗਈ ਅਤੇ ਇਸ ਗੱਲ ਤੇ ਅਫ਼ਸੋਸ ਜਤਾਇਆ ਗਿਆ ਕਿ ਗੋਰਿਆਂ ਤੇ ਉਨ੍ਹਾਂ ਦੇ ਸਭਿਆਚਾਰ ਨੂੰ ਹੋਰਨਾਂ ਨਸਲਾਂ ਦੇ ਲੋਕਾਂ ਵਲੋਂ ਮਲੀਆਮੇਟ ਕੀਤਾ ਜਾ ਰਿਹਾ ਹੈ। ਉਸ ਦੇ ਕੱਟੜ ਹਮਾਇਤੀਆਂ ਦੀ ਭਾਰੀ ਤਾਦਾਦ ਨੇ ਨਫ਼ਰਤ ਦੀ ਅੱਗ ਨੂੰ ਧਾਰਨ ਕੀਤਾ, ਉਨ੍ਹਾਂ ਦੇ ਸ਼ਾਸਨ ਨੂੰ ਗੋਰਿਆਂ ਦੀ ਮਹਾਨਤਾ ਮੁੜ ਸਥਾਪਤ ਕਰਨ ਦੀ ਮੁਹਿੰਮ ਵਿਚ ਤਬਦੀਲ ਕਰ ਦਿੱਤਾ ਸੀ ਜਿੱਥੇ ਗੋਰਿਆਂ ਦਾ ਦਬਦਬਾ ਹੋਣਾ ਸੀ ਅਤੇ ਚਮੜੀ ਦੇ ਰੰਗ ਤੋਂ ਜ਼ਿੰਦਗੀ ਵਿਚ ਰੁਤਬਾ ਤੈਅ ਕੀਤਾ ਜਾਣਾ ਸੀ। ਉਨ੍ਹਾਂ ਟੇਢੇ ਢੰਗ ਨਾਲ ਨਸਲਪ੍ਰਸਤੀ ਨੂੰ ਜ਼ੁਬਾਨ ਦਿੱਤੀ ਸੀ।

ਇਸ ਕਿਸਮ ਦੇ ਨਸਲੀ ਪਾੜੇ ਨੇ ਨਾਜ਼ੀ ਨਸਲ ਦੇ ਕਾਨੂੰਨ ਦੀ ਉਹ ਮਿਸਾਲ ਸਾਹਮਣੇ ਲੈ ਆਂਦੀ ਜੋ ਕੁਦਰਤ ਅਤੇ ਅਮਰੀਕਾ ਵਿਚ ਮਾੜੇ ਨਸਲ ਕਾਨੂੰਨਾਂ ਦੇ ਆਯਾਮ ਅਤੇ ਅਮਰੀਕਾ ਵਿਚ ਨਸਲ ਸੁਧਾਰ ਤੇ ਹੋਈ ਖੋਜ ਦੇ ਆਧਾਰ ਤੇ ਵਿਕਸਤ ਕੀਤੀ ਜਾ ਰਹੀ ਸੀ। ਅਮਰੀਕਾ ਵਿਚ ਜਿਮ ਕਰੋਅ ਦੇ ਕਾਨੂੰਨਾਂ ਦਾ ਯੁੱਗ ਜਰਮਨੀ ਵਿਚ ਸੰਸਥਾਈ ਯਹੂਦੀਵਾਦ ਵਿਰੋਧ ਦਾ ਆਧਾਰ ਮੁਹੱਈਆ ਕਰਾਉਂਦਾ ਹੈ ਜਿਸ ਦੀ ਗੂੰਜ ਬਦਨਾਮ ਨਿਊਰਮਬਰਗ ਕਾਨੂੰਨਾਂ ਵਿਚ ਸੁਣਾਈ




ਦਿੰਦੀ ਸੀ। ਇਹ ਪ੍ਰਮੁੱਖ ਯਹੂਦੀ ਵਿਰੋਧੀ ਕਾਨੂੰਨਾਂ ਵਿਚੋਂ ਇਕ ਸੀ, ਖ਼ਾਸਕਰ ਇਸ ਦਾ ਨਾਗਰਿਕਤਾ ਕਾਨੂੰਨ ਅਤੇ ਖ਼ੂਨ ਦਾ ਕਾਨੂੰਨ। ਵਿਤਕਰੇ ਵਾਲੇ ਇਨ੍ਹਾਂ ਕਾਨੂੰਨਾਂ ਨੂੰ ਅਮਰੀਕਾ ਦੀ ਨਸਲ ਆਧਾਰਿਤ ਦੂਜੇ ਦਰਜੇ ਦੀ ਨਾਗਰਿਕਤਾ ਅਤੇ ਨਸਲਾਂ ਦੇ ਮਿਸ਼ਰਨ ਦਾ ਵਿਰੋਧ ਤੇ ਆਵਾਸ ਕਾਨੂੰਨਾਂ ਤੋਂ ਪ੍ਰੇਰਨਾ ਮਿਲਦੀ ਸੀ। ਖ਼ਾਸ ਤੌਰ ਤੇ ਅਮਰੀਕੀ ਨਸਲ ਕਾਨੂੰਨ ਦੇ ਕੁਝ ਪੱਖਾਂ ਨੂੰ ਦੇਖ ਕੇ ਨਾਜ਼ੀ ਚਿੰਤਕਾਂ ਦਾ ਦਿਲ ਲਲਚਾ ਗਿਆ ਸੀ ਜਿਨ੍ਹਾਂ ਵਿਚ ਅੰਤਰ ਨਸਲੀ ਵਿਆਹਾਂ ਨੂੰ ਅਪਰਾਧ ਕਰਾਰ ਦੇਣ ਦੀ ਅਮਰੀਕੀ ਰਵਾਇਤ ਵੀ ਸ਼ਾਮਲ ਸੀ ਜਿਸ ਵਿਚੋਂ ਖ਼ੂਨ ਦੇ ਕਾਨੂੰਨ ਦੀ ਉਤਪਤੀ ਹੋਈ ਸੀ। ਜਰਮਨਾਂ ਨੇ ਨਸਲ ਕਾਨੂੰਨ ਅਤੇ ਇਨ੍ਹਾਂ ਦੀ ਪਹੁੰਚ ਦੇ ਸਬਕ ਅਮਰੀਕੀਆਂ ਤੋਂ ਹਾਸਲ ਕੀਤੇ ਸਨ। ਨਾਜ਼ੀਵਾਦ ਦੇ ਇਸ ਪੱਖ ਵੱਲ ਧਿਆਨ ਦਿਵਾਉਣ ਦੇ ਸਰੋਕਾਰ ਨੇ ਨਸਲੀ ਲਹਿਰਾਂ ਨਾਲ ਅੰਤਰੰਗ ਲੋਕਤੰਤਰ ਦੇ ਤੌਰ ਤੇ ਅਮਰੀਕਾ ਦੇ ਇਸ ਕਿਰਦਾਰ ਵੱਲ ਚਾਨਣਾ ਪਵਾਇਆ ਸੀ। ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਅਮਰੀਕੀ ਨਸਲਵਾਦ ਨੇ ਯੂਰੋਪ, ਅਫ਼ਰੀਕਾ, ਏਸ਼ੀਆ ਅਤ ਜਾਤੀ ਤੇ ਧਾਰਮਿਕ ਤਣਾਵਾਂ ਦੇ ਗਵਾਹ ਬਣੇ ਹੋਰਨਾਂ ਬਹੁ-ਨਸਲੀ ਸਮਾਜਾਂ ਅੰਦਰ ਪ੍ਰਭਾਵ ਛੱਡਿਆ ਸੀ। ਅਸਲ ਵਿਚ ਬਹੁਤ ਸਾਰੇ ਯੂਰੋਪੀਅਨ ਮੁਲ਼ਕਾਂ ਵਿਚ ਨਸਲੀ ਜ਼ੁਲਮੋ-ਸਿਤਮਾਂ ਤੋਂ ਅਮਰੀਕੀ ਨਸਲੀ ਨਿਆਂ ਸੰਗਤ ਪਹੁੰਚ ਦੀ ਕਹਾਣੀ ਬਹੁਤ ਪੁਰਾਣੀ ਹੈ।

ਦਰਅਸਲ, 23 ਸਤੰਬਰ 1935 ਨੂੰ 45 ਨਾਜ਼ੀ ਵਕੀਲਾਂ ਦਾ ਵਫ਼ਦ ਸੁੱਖ ਸਹੂਲਤਾਂ ਨਾਲ ਲੈਸ ਸਮੁੰਦਰੀ ਜਹਾਜ਼ ਐਸਐਸ ਯੂਰੋਪਾ ਵਿਚ ਸਵਾਰ ਹੋਏ ਸਨ। ਇਹ ਅਧਿਐਨ ਦੌਰਾ ਸੀ ਜਿਸ ਨਾਲ ਉਨ੍ਹਾਂ ਨੂੰ ਯਹੂਦੀ ਵਿਰੋਧੀ ਨੀਤੀ ਲਾਗੂ ਕਰਨ ਦੇ ਅਮਲ ਦੀ ਸਮਝ ਗਹਿਰੀ ਕਰਨ ਦਾ ਮੌਕਾ ਮਿਲਣਾ ਸੀ। ਅਮਰੀਕਾ ਵਿਚ ਇਹ ਨੀਤੀ ਕਰੀਬ ਤਿੰਨ ਸਾਲਾਂ ਤੋਂ ਸਫ਼ਲਤਾਪੂਰਬਕ ਲਾਗੂ ਕੀਤੀ ਜਾ ਰਹੀ ਸੀ। ਮੰਦੇਭਾਗੀਂ ਜਦੋਂ ਜਹਾਜ਼ ਨਿਊ ਯਾਰਕ ਪੁੱਜਿਆ ਤਾਂ ਉੱਥੇ ਯਹੂਦੀ ਮੁਜ਼ਾਹਰਾਕਾਰੀਆ ਨੇ ਇਸ ਦਾ ਡਟਵਾਂ ਵਿਰੋਧ ਕੀਤਾ, ਕਿਉਂਕਿ ਉਹ ਮੈਨਹਟਨ ਦੇ ਮੈਜਿਸਟਰੇਟ ਲੂਈਸ ਬਰੌਡਸਕੀ ਦੇ ਸ਼ਬਦਾਂ ਵਿਚ 'ਨਾਜ਼ੀ ਪਾਰਟੀ ਦੇ ਉਭਾਰ ਨੂੰ ਜੇ ਵਹਿਸ਼ੀ ਸਮਾਜੀ ਤੇ ਸਿਆਸੀ ਹਾਲਾਤ ਨਾ ਸਹੀ, ਤਾਂ ਮੱਧਯੁਗ ਤੋਂ ਪਹਿਲਾਂ ਦੇ ਕਾਲ ਵੱਲ ਮੋੜੇ' ਦੇ ਰੂਪ ਵਿਚ ਦੇਖਦੇ ਸਨ (ਨਿਊ ਯਾਰਕ ਟਾਈਮਜ਼, 7 ਸਤੰਬਰ, 1935)। ਅਮਰੀਕਾ ਵਿਚ ਗੋਰਿਆਂ ਦੀ ਸਰਬ-ਉੱਤਮ ਹੋਣ ਦੀ ਮੁਹਿੰਮ ਨਾਜ਼ੀਵਾਦ ਤੋਂ ਘੱਟ ਨਹੀਂ ਹੈ। ਪੰਦਰਵੀਂ ਸਦੀ ਵਿਚ ਕੋਲੰਬਸ ਦੇ ਜ਼ਮਾਨੇ ਤੋਂ ਹੀ ਦੁਨੀਆ ਭਰ ਵਿਚ ਨਸਲਵਾਦ ਦਰਮਿਆਨ ਭਰਵਾਂ ਜੋੜ ਬਣਨਾ ਸ਼ੁਰੂ ਹੋ ਗਿਆ ਸੀ। ਕਈ ਮੁਲਕ ਸਮਾਨਤਾ, ਆਜ਼ਾਦੀ ਅਤੇ ਨਿਆਂ ਦੇ ਨਾਂ ਹੇਠ ਨਸਲਵਾਦ ਨੂੰ ਪੱਠੇ ਪਾਉਂਦੇ ਹਨ। ਮਿਸਾਲ ਦੇ ਤੌਰ ਤੇ ਗੁਲਾਮਦਾਰੀ ਵਿਰੋਧ ਦੇ ਪ੍ਰਤੀਕ ਸਟੈਚੂ ਆਫ ਲਿਬਰਟੀ ਨੂੰ ਅਕਸਰ ਕੌਮੀ ਯਾਦਗਾਰ ਇਤਿਹਾਸ ਦੇ ਅਟੁੱਟ ਅੰਗ ਵਜੋਂ ਤਿਰਸਕਾਰਿਆ ਜਾਂਦਾ ਹੈ। ਸਰਬਵਿਆਪੀ ਆਜ਼ਾਦੀ ਦੀ ਟਾਰਚ ਸੰਭਾਲਣ ਤੋਂ ਵੀ ਵੱਧ ਲੇਡੀ ਲਿਬਰਟੀ ਦੇ ਪੈਰਾਂ ਹੇਠ ਪਈ ਜ਼ੰਜੀਰ ਹੈ ਜਿਸ ਲੱਖਾਂ ਜਲਾਵਤਨੀਆਂ ਤੇ ਪਰਵਾਸੀਆਂ ਦੇ ਮਨਾਂ ਅੰਦਰ ਅਮਰੀਕਾ ਦੀ ਧਰਤੀ ਤੇ ਚੰਗੀ ਜ਼ਿੰਦਗੀ ਜਿਊਣ ਦੀਆਂ ਆਸਾਂ ਦੀ ਪ੍ਰਤੀਕ ਹੈ। ਇਹ ਬੁੱਤ ਅਮਰੀਕੀ ਸੰਵਿਧਾਨ ਬਾਰੇ ਫਰਾਂਸੀਸੀ ਮਾਹਿਰ ਅਤੇ ਫ੍ਰੈਂਚ ਐਂਟੀ ਸਲੇਵਰੀ ਸੁਸਾਇਟੀ ਦੇ ਮੁਖੀ ਐਡੁਅਰਡ ਡਾ ਲੈਬੋਲਾਏ ਦੇ ਦਿਮਾਗ ਦੀ ਉਪਜ ਸੀ। ਤੇਰਵੀਂ ਸੰਵਿਧਾਨਕ ਸੋਧ ਦਾ ਸਿਹਰਾ ਵੀ ਲੈਬੋਲੇਈ ਦੇ ਸਿਰ ਬੱਝਦਾ ਹੈ ਜਿਸ ਤਹਿਤ ਅਮਰੀਕਾ ਵਿਚੋਂ ਗੁਲਾਮਦਾਰੀ ਦੇ ਖਾਤਮੇ ਦਾ ਸਵਾਲ ਉਠਾਇਆ ਗਿਆ ਸੀ ਅਤੇ ਇਸ ਦੀ ਗੂੰਜ ਐਮਾ ਲੈਜ਼ਾਰਸ ਦੀ ਪ੍ਰਸਿੱਧ ਕਵਿਤਾ 'ਮੈਨੂੰ ਦੇ ਦਿਓ ਤੁਹ-ਾਡੇ ਥੱਕੇ ਹਾਰੇ ਸਰੀਰ/ਤੁਹਾਡੇ ਗ਼ਰੀਬ ਗੁਰਬੇ/ਆਜ਼ਾਦ ਸਾਹ ਲੈਣ ਦੇ ਚਾਹਨਾ ਰੱਖਦੇ ਹਜੂਮ।' ਇਹ ਕਵਿਤਾ ਸਟੈਚੂ ਦੀ ਤਖ਼ਤੀ ਤੇ ਉੱਕਰੀ ਹੋਈ ਹੈ।

ਅਫ਼ਸੋਸ ਦੀ ਗੱਲ ਇਹ ਹੈ ਕਿ ਜੌਰਜ ਫਲਾਇਡ ਦੀ ਹੱਤਿਆ ਮੌਕੇ ਇਸ ਬੁੱਤ ਦੀ ਅਹਿਮੀਅਤ ਭੁਲਾ ਦਿੱਤੀ ਗਈ ਸੀ ਪਰ ਹਾਲ ਹੀ ਵਿਚ ਨਸਲਵਾਦ ਵਿਰੁੱਧ ਨਵੇਂ ਸਿਰਿਓਂ ਉਠੇ ਤੂਫ਼ਾਨ ਨੇ ਇਸ ਦੀ ਮਹੱਤਤਾ ਮੁੜ ਉਭਾਰ ਕੇ ਸਾਹਮਣੇ ਲਿਆਂਦੀ ਹੈ। ਦੁਨੀਆ ਭਰ ਵਿਚ ਲੋਕਤੰਤਰ ਦੇ ਚਿਹਰੇ ਤੇ ਛਾਹੀਆਂ ਦਿਖਾਈ ਦੇ ਰਹੀਆਂ ਹਨ। ਦੱਖਣੀ ਏਸ਼ੀਆ, ਤੁਰਕੀ, ਮਿਆਂਮਾਰ ਅਤੇ ਹਾਂਗ ਕਾਂਗ ਵਿਚ ਵੀ ਇਸੇ ਕਿਸਮ ਦੇ ਰੱਦੇਅਮਲਾਂ ਨੇ ਨਿਰੰਕੁਸ਼ ਸ਼ਾਸਨਾਂ ਅਧੀਨ ਗਹਿਰੀ ਬੇਇਨਸਾਫ਼ੀ ਤੇ ਅਸਮਾਨਤਾ ਨੂੰ ਬੇਪਰਦ ਕੀਤਾ ਹੈ। ਮਿਸਾਲ ਦੇ ਤੌਰ ਤੇ ਦੁਨੀਆ ਭਰ ਵਿਚ ਜਨਤਕ ਚਿੰਤਨਾਂ ਨੇ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀਆਂ ਖਿਲਾਫ਼ਵਰਜ਼ੀਆਂ ਅਤੇ ਇਸ ਦੇ ਨਾਲ ਹੀ ਲੀਡਰਸ਼ਿਪ ਦੀ ਸੱਜੇਪੱਖੀ ਹੱਠਧਰਮੀ ਖਿਲਾਫ਼ ਚੱਲ ਰਹੇ ਅੰਦੋਲਨ ਦੀ ਨਿਸ਼ਾਨਦੇਹੀ ਕੀਤੀ ਹੈ। ਭਾਰਤ ਹੋਵੇ ਜਾਂ ਅਮਰੀਕਾ, ਮਨੁੱਖੀ ਅਧਿਕਾਰਾਂ ਦੇ ਲਿਹਾਜ਼ ਤੋਂ ਇਨ੍ਹਾਂ ਦੀ ਪੁਜ਼ੀਸ਼ਨ ਕਾਫ਼ੀ ਮਾੜੀ ਤਸਲੀਮ ਕੀਤੀ ਜਾਂਦੀ ਹੈ। ਨਸਲਵਾਦ ਅਤੇ ਨਵ ਉਦਾਰਵਾਦ ਦੇ ਵਿਆ-ਪਕ ਅਮਲ ਕਰ ਕੇ ਸਿੱਖਿਆ, ਸੰਪਤੀ, ਅਰਥਚਾਰੇ, ਰੁਜ਼ਗਾਰ ਦੇ ਅਵਸਰਾਂ, ਪੁਲੀਸ, ਨਿਆਂ ਅਤੇ ਮੀਡੀਆ ਜਿਹੇ ਖੇਤਰਾਂ ਵਿਚ ਅਸਮਾਨਤਾ ਨਜ਼ਰ ਆ ਰਹੀ ਹੈ। ਹਾਲੀਆ ਸਮਿਆਂ ਅੰਦਰ ਉਦਾਰਵਾਦੀ ਕਦਰਾਂ ਕੀਮਤਾਂ ਤੇ ਹੋ ਰਹੇ ਹਮਲੇ ਅਮਰੀਕੀ ਸਿਆਸਤ ਦਾ ਅਟੁੱਟ ਅੰਗ ਬਣ ਗਏ ਹਨ। ਘੋਰ ਬਹੁਗਿਣਤੀਪ੍ਰਸਤੀ ਨੇ ਨਿਆਂ ਦਿਵਾਉਣ ਵਾਲੀਆਂ ਸੰਸਥਾਵਾਂ ਨੂੰ ਲਤਾੜ ਕੇ ਰੱਖ ਦਿੱਤਾ ਹੈ। ਆਸ ਕੀਤੀ ਜਾ ਰਹੀ ਸੀ ਕਿ ਜੋਅ ਬਾਇਡਨ ਦੇ ਸ਼ਾਸਨ ਨਾਲ ਜਮਹੂਰੀ ਕਾਨੂੰਨ ਦਾ ਰਾਜ ਲੀਹ ਤੇ ਆ ਜਾਵੇਗਾ। ਸ਼ੌਵਿਨ ਕੇਸ ਦਾ ਫ਼ੈਸਲਾ ਆਉਣ ਨਾਲ ਉਮੀਦ ਦੀ ਕਿਰਨ ਜਾਗੀ ਵੀ ਹੈ ਪਰ ਇਹ ਤਾਂ ਹੀ ਹੋ ਸਕੇਗਾ ਜੇ ਨਸਲਵਾਦ ਨੂੰ ਲੋਕਤੰਤਰ ਨਾਲੋਂ ਵੱਖਰਾ ਕਰਨ ਦੇ ਅਮਲ ਨੂੰ ਸਮਾਨਤਾ ਪ੍ਰਤੀ ਦਿਆਨਤਦਾਰੀ ਵਿਚ ਵੀ ਤਬਦੀਲ ਕੀਤਾ ਜਾਵੇ। ਹਾਲਾਂਕਿ ਉਦਾਰ ਖਿਆਲ ਆਗੂ ਦੁਨੀਆ ਭਰ ਦੇ ਲੋਕਾਂ ਨੂੰ ਸਮਾਨਤਾ ਅਤੇ ਸਭਨਾਂ ਲਈ ਆਜ਼ਾਦੀ ਨੂੰ ਪ੍ਰਵਾਨ ਕਰਨ ਦਾ ਸੱਦਾ ਦਿੰਦੇ ਹਨ ਪਰ ਸ਼ਹਿਰੀ ਆਜ਼ਾਦੀਆਂ ਦਾ ਸਵਾਲ ਨਸਲ ਦੇ ਮਾਮਲਿਆਂ ਦੀ ਜਟਿਲਤਾ ਲੈ ਕੇ ਹਾਜ਼ਰ ਹੋ ਰਿਹਾ ਹੈ। ਆਜ਼ਾਦੀ ਦਾ ਮਤਲਬ ਅੱਜ ਦੁਨੀਆ ਭਰ ਵਿਚ ਮਾਨਵਤਾ ਲਈ ਸੰਤਾਪ ਬਣ ਰਹੇ ਨਸਲਵਾਦ ਦੀ ਪੈੜਚਾਲ ਨੂੰ ਘੋਖਣ ਦਾ ਸੱਦਾ ਦਿੰਦਾ ਹੈ। ਅੱਜ ਮਾਰਟਿਨ ਲੂਥਰ ਕਿੰਗ ਜੂਨੀਅਰ ਜ਼ਿੰਦਾ ਹੁੰਦੇ ਤਾਂ ਉਨ੍ਹਾਂ ਫ਼ੌਜੀਕਰਨ ਨਹੀਂ ਸਗੋਂ ਸਭਨਾਂ ਲਈ ਸਮਾਨਤਾ ਤੇ ਨਿਆਂ ਅਤੇ ਮੁਫ਼ਤ ਸਿਹਤ ਸੰਭਾਲ ਦੀਆਂ ਸਹੂਲਤਾਂ ਦੀ ਮੰਗ ਤੇ ਜ਼ੋਰ ਦੇਣਾ ਸੀ। ਉਨ੍ਹਾਂ ਨੇ ਇਹ ਮੰਗ ਕਰਨੀ ਸੀ, ਜਿਵੇਂ ਹਾਵਰਡ ਜ਼ਿਨ ਨੇ ਆਖਿਆ ਸੀ- 'ਸਾਰਿਆਂ ਲਈ ਸੁਰੱਖਿਅਤ ਅਤੇ ਸੁਚੱਜੀ ਜ਼ਿੰਦਗੀ ਮੁਹੱਈਆ ਕਰਾਉਣ ਲਈ ਮਹਿਜ਼ ਪੁਨਅਰਥੀ ਸੁਧਾਰ ਨਹੀਂ ਸਗੋਂ ਬੁਨਿਆਦੀ ਸੁਧਾਰਾਂ ਦੀ ਲੋੜ ਹੈ।'

ਸ਼ੈਲੀ ਵਾਲੀਆ

# ਅੰਦੋਲਨ ਲੇਖੇ ਲੱਗੇ ਕਿਸਾਨਾਂ ਦੇ ਪਰਿਵਾਰਾਂ ਦੀ ਸੰਭਾਲ

ਦਿੱਲੀ ਦੀਆਂ ਬਰੂਹਾਂ ਉੱਪਰ ਚਲ ਰਹੇ ਸੰਯੁਕਤ ਕਿਸਾਨ ਮੋਰਚੇ ਨੂੰ 26 ਮਈ ਨੂੰ 6 ਮਹੀਨੇ ਹੋ ਜਾਣੇ ਹਨ। ਇਹ ਕਿਸਾਨ ਮੋਰਚਾ ਹੁਣ ਦੇਸ਼ਵਿਆਪੀ ਲਹਿਰ ਦਾ ਰੂਪ ਧਾਰਨ ਕਰ ਚੁੱਕਿਆ ਹੈ। ਛੋਟੇ ਵਪਾਰੀ, ਆੜ੍ਹਤੀ, ਦੁਕਾਨਦਾਰ ਤੇ ਹੋਰ ਖੇਤਰਾਂ ਦੇ ਕਰਮਚਾਰੀ, ਮਜ਼ਦੂਰ, ਅਧਿਆਪਕ, ਵਿਦਿਆਰਥੀ, ਡਾਕਟਰ, ਵਕੀਲ, ਚਿੰਤਕ, ਰੰਗਕਰਮੀ, ਫ਼ਨਕਾਰ ਤੇ ਲੋਕ ਕਲਾਕਾਰ, ਨੌਜਵਾਨ, ਔਰਤਾਂ ਤੇ ਬੱਚੇ, ਸਭ ਆਪਣੀ ਹਾਜ਼ਰੀ ਭਰ ਰਹੇ ਹਨ। ਜਨ-ਸਮੂਹ ਚੇਤੰਨ ਹੋ ਚੁਕਿਆ ਹੈ ਕਿ ਖੇਤੀ ਕਾਨੂੰਨ ਲਾਗੂ ਹੋਣ ਨਾਲ ਸਮੁੱਚਾ ਅਰਥਚਾਰਾ ਤੇ ਸਮਾਜ ਬੁਰੀ ਤਰ੍ਹਾਂ ਅਸਰਅੰਦਾਜ਼ ਹੋਵੇਗਾ। ਸਰਕਾਰੀ ਮੰਡੀਆਂ ਦੀ ਥਾਂ ਪ੍ਰਾਈਵੇਟ ਮੰਡੀਆਂ ਹੋਣਗੀਆਂ, ਜ਼ਰੂਰੀ ਵਸਤਾਂ ਦੇ ਭੰਡਾਰੀਕਰਨ ਬਾਰੇ ਕੋਈ ਰੋਕਾਂ ਨਹੀਂ ਰਹਿਣਗੀਆਂ, ਨਾ ਕੇਵਲ ਉਤਪਾਦਕ ਸਗੋਂ ਖਪਤਕਾਰਾਂ ਨੂੰ ਵੀ ਵਸਤਾਂ ਮਹਿੰਗੇ ਭਾਅ ਮਿਲਣਗੀਆਂ। ਕਿਸਾਨਾਂ ਦੁਆਰਾ ਬੀਜੀ ਜਾਣ ਵਾਲੀ ਫਸਲ ਦਾ ਫ਼ੈਸਲਾ ਕੰਟਰੈਕਟਰ ਕਰੇਗਾ। ਅਸਹਿਮਤੀ ਜਾਂ ਝਗੜੇ ਆਦਿ ਦੇ ਹੱਲ ਵਾਸਤੇ ਕਿਸਾਨ ਦੀ ਸੁਣਵਾਈ ਲੋਕਲ ਪੱਧਰ ਤੇ ਡੀਸੀ ਤੱਕ ਹੀ ਹੋ ਸਕੇਗੀ। ਕੋਈ ਯਕੀਨ ਨਹੀਂ ਕਿ ਕਿਸਾਨ ਨੂੰ ਉਸ ਦੀ ਤਿਆਰ ਫਸਲ ਦਾ ਸਮਰਥਨ ਮੁੱਲ ਮਿਲੇਗਾ ਵੀ ਕਿ ਨਹੀਂ ਕਿਉਂਕਿ ਖੇਤੀਬਾੜੀ ਦਾ ਸਾਰਾ ਕਾਰੋਬਾਰ ਹੁਣ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਸੌਂਪਣ ਦੀ ਤਿਆਰੀ ਹੋ ਰਹੀ ਚੁੱਕੀ ਹੈ। ਇਸ ਦੇ ਮਾਰੂ ਅਸਰਾਂ ਨੂੰ ਤਾੜਦਿਆਂ ਵੱਖ ਵੱਖ ਖ਼ਿੱਤਿਆਂ ਦੇ ਕਰਮਚਾਰੀ ਤੇ ਮਜ਼ਦੂਰ ਇਕ ਪਲੇਟਫ਼ਾਰਮ ਤੇ ਆ ਗਏ ਹਨ। ਕੇਂਦਰ ਸਰਕਾਰ ਨੂੰ ਖੇਤੀ ਸੁਧਾਰਾਂ ਦੇ ਨਾਂ ਤੇ ਖੇਤੀ ਵਿਰੁੱਧ ਜਾਂਦੇ ਤਿੰਨੇ ਕਾਨੂੰਨ ਵਾਪਸ ਲੈਣ ਦੀ ਵਾਰ ਵਾਰ ਅਪੀਲ ਕੀਤੀ ਜਾ ਰਹੀ ਹੈ। ਜੇਕਰ ਇਹ ਕਾਨੂੰਨ ਲਾਗੂ ਹੁੰਦੇ ਹਨ ਤਾਂ ਖੇਤੀ ਖੇਤਰ ਦਾ ਉਜਾੜਾ ਅਤੇ ਗਰੀਬ ਕਿਸਾਨਾਂ ਤੇ ਕਾਇਨਾਤ ਦਾ ਘਾਣ ਹੋਣ ਤੋਂ ਕੋਈ ਨਹੀਂ ਰੋਕ ਸਕੇਗਾ।

ਘਾਣ ਹੋਣਾ ਤਾਂ ਸ਼ੁਰੂ ਹੋ ਵੀ ਚੁੱਕਿਆ ਹੈ ਜਦੋਂ ਰੋਜ਼ਾਨਾ ਕਿਸੇ ਕਿਸਾਨ ਵੀਰ, ਬਜ਼ੁਰਗ, ਬੀਬੀ ਦੀ ਮੌਤ ਦੀ ਖ਼ਬਰ ਅਖਬਾਰ ਵਿਚ ਪੜ੍ਹਦੇ ਹਾਂ। ਹੁਣ ਤੱਕ ਅੰਦੋਲਨ ਵਿਚ ਸ਼ਾਮਲ ਲਗਭਗ 500 ਕਿਸਾਨਾਂ ਮਜ਼ਦੂਰਾਂ ਦੀ ਜਾਨ ਵੱਖ ਵੱਖ ਕਾਰਨਾਂ ਕਰ ਕੇ ਜਾ ਚੁੱਕੀ ਹੈ। ਇਨ੍ਹਾਂ ਮੌਤਾਂ ਨਾਲ ਕਿਸਾਨ ਭਰਾਵਾਂ, ਬੀਬੀਆਂ ਦੇ ਘਰਾਂ ਵਿਚ ਬੇਯਕੀਨੀ ਵਾਲਾ ਮਾਹੌਲ ਪੈਦਾ ਹੋ ਰਿਹਾ ਹੈ। ਆਮਦਨੀ ਦੇ ਵਸੀਲੇ ਡਾਵਾਂਡੋਲ ਹੋ ਰਹੇ ਹਨ। ਪਿੱਛੇ ਇਕੱਲੀਆਂ ਰਹਿ ਗਈਆਂ ਔਰਤਾਂ ਲਈ ਘਰ-ਬਾਰ, ਡੰਗਰ-ਵੱਛਾ ਸਾਂਭਣਾ, ਬੱਚਿਆਂ ਦੀ ਪੜ੍ਹਾਈ-ਲਿਖਾਈ ਆਦਿ ਹਾਲ ਦੀ ਘੜੀ ਸਭ ਧੁੰਦਲਾ ਨਜ਼ਰ ਆਉਣ ਲੱਗਿਆ ਹੈ। ਸਰਕਾਰਾਂ ਤੇ ਸਿਆਸੀ ਪਾਰਟੀਆਂ ਮਾਮੂਲੀ ਜਿਹੀ ਰਾਸ਼ੀ, ਇਕ-ਦੋ ਲੱਖ ਦੇ ਕੇ ਆਪਣਾ ਪੱਲਾ ਝਾੜ ਜਾਂਦੀਆਂ ਹਨ। ਮਨੁੱਖੀ ਜ਼ਿੰਦਗੀ ਦਾ ਮੁੱਲ ਨਾ-ਮਾਤਰ ਪੈਸਿਆਂ ਨਾਲ ਤੋਲ ਦਿੱਤਾ ਜਾਂਦਾ ਹੈ।

ਇਹੋ ਜਿਹੇ ਹਾਲਾਤ ਵਿਚ ਇਨ੍ਹਾਂ ਕਿਸਾਨਾਂ ਦੇ ਪਰਿਵਾਰਾਂ ਦੀ ਸਾਂਭ ਸੰਭਾਲ਼ ਕਰਨੀ, ਔਖੀ ਘੜੀ ਵਿਚ ਉਨ੍ਹਾਂ ਦੀ ਬਾਂਹ ਫੜਨਾ ਸਾਡਾ ਸਾਰਿਆਂ ਦਾ



ਨੈਤਿਕ ਫਰਜ਼ ਹੀ ਨਹੀਂ ਸਮਾਜਿਕ ਜ਼ਿੰਮੇਵਾਰੀ ਵੀ ਹੈ। ਜਦੋਂ ਪਰਿਵਾਰ ਤੇ ਕੋਈ ਭੀੜ ਪੈਂਦੀ ਹੈ ਤਾਂ ਸਭ ਤੋਂ ਪਹਿਲਾਂ ਮਨੋਬਲ ਡੋਲਦਾ ਹੈ। ਇਸ ਲਈ ਮਨੋਵਿਗਿਆਨਕ ਤੌਰ ਤੇ ਪਰਿਵਾਰ ਨੂੰ ਦਿਲਾਸਾ ਦੇਣਾ, ਉਸ ਨੂੰ ਇਕੱਲਤਾ ਤੇ ਬੇਯਕੀਨੀ ਦੇ ਹਾਲਾਤ ਵਿਚੋਂ ਕੱਢਣਾ ਪਹਿਲਾ ਕੰਮ ਹੈ। ਕੰਮਕਾਜੀ ਜੀਅ ਦੀ ਮੌਤ ਹੋ ਜਾਣ ਤੇ ਨਾ ਕੇਵਲ ਮਨੁੱਖੀ ਨੁਕਸਾਨ ਹੁੰਦਾ ਹੈ ਸਗੋਂ ਵਿੱਤੀ ਸਾਧਨ ਵੀ ਪ੍ਰਭਾਵਿਤ ਹੁੰਦੇ ਹਨ। ਇਸ ਵਾਸਤੇ ਸਭ ਤੋਂ ਪਹਿਲਾਂ ਸਬੰਧਤ ਕਿਸਾਨ ਦੇ ਪਰਿਵਾਰ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਜ਼ਰੂਰਤ ਹੈ। ਬਿਨਾਂ ਕਿਸੇ ਭੇਦਭਾਵ ਦੇ ਉਸ ਪਰਿਵਾਰ ਦੀ ਮਾਲੀ ਸਹਾਇਤਾ ਦੇ ਨਾਲ ਨਾਲ ਬਾਕੀ ਜੀਆਂ ਦੇ ਮਨੋਬਲ ਵੱਲ ਤਵੱਜੋ ਦੇਣੀ ਬਣਦੀ ਹੈ। ਬਹੁਤ ਸਾਰੀਆਂ ਗ਼ੈਰ ਸਰਕਾਰੀ ਸੰਸਥਾਵਾਂ ਅਤੇ ਵਿਦੇਸ਼ਾਂ ਵਿਚ ਰਹਿ ਰਿਹਾ ਭਾਰਤੀ/ਪੰਜਾਬੀ ਭਾਈਚਾਰਾ ਇਸ ਨੇਕ ਕਾਰਜ ਵਿਚ ਯੋਗਦਾਨ ਪਾ ਰਿਹਾ ਹੈ; ਜਿਵੇਂ ਆਤਮ ਪਰਗਾਸ ਸੁਸਾਇਟੀ, ਸਰਬੱਤ ਦਾ ਭਲਾ ਟਰਸਟ, ਜਾਗਦਾ ਪੰਜਾਬ ਮਿਸ਼ਨ, ਸਹਾਇਤਾ ਐੱਨਜੀਓ ਭਾਰਤ ਅਤੇ ਸਮਾਜਿਕ ਤੌਰ ਤੇ ਚੇਤੰਨ ਤੇ ਜਾਗਰੂਕ ਹੋਰ ਬਹੁਤ ਸਾਰੇ ਲੋਕ ਇਨ੍ਹਾਂ ਕਿਸਾਨਾਂ ਜਾਂ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ, ਮਜ਼ਦੂਰਾਂ ਅਤੇ ਗਰੀਬ ਪਰਿਵਾਰਾਂ ਦੀ ਸਾਂਭ ਸੰਭਾਲ਼ ਕਰ ਰਹੇ ਹਨ। ਮੁੱਖ ਤੌਰ ਤੇ ਕੰਮ ਹੈ ਲਗਾਤਾਰ ਆਮਦਨ ਦਾ ਵਸੀਲਾ ਯਕੀਨੀ ਬਣਾਉਣਾ, ਬੱਚਿਆਂ ਦੀ ਪੜ੍ਹਾਈ ਯਕੀਨੀ ਬਣਾਉਣਾ, ਘਰ ਵਿਚ ਬਜ਼ੁਰਗਾਂ ਦੀ ਦੇਖ ਭਾਲ, ਦਵਾਈ ਆਦਿ ਦਾ ਪ੍ਰਬੰਧ ਕਰਨਾ, ਬਹੁਤੇ ਗਰੀਬ ਪਰਿਵਾਰਾਂ ਲਈ ਘਟੋ-ਘੱਟ ਦੋ ਕਮਰਿਆਂ ਵਾਲਾ ਘਰ, ਰਸੋਈ ਤੇ ਬਾਥਰੂਮ ਸਮੇਤ ਤਿਆਰ ਕਰਵਾਉਣਾ ਤੇ ਸਭ ਤੋਂ ਅਹਿਮ, ਪਰਿਵਾਰ ਸਿਰ ਚੜ੍ਹਿਆ ਕਰਜ਼ਾ ਮੁਆਫ਼ ਕਰਵਾਉਣਾ। ਕਿਸਾਨ-ਮਜ਼ਦੂਰ ਔਰਤਾਂ ਤੇ ਵੀਰ ਸਾਡੇ ਆਪਣੇ ਹਨ ਤੇ ਅਸੀਂ ਹੀ ਇਨ੍ਹਾਂ ਬਾਰੇ ਕੁਝ ਠੋਸ ਕਰਨਾ ਹੈ। ਵਿੱਤੀ ਸਹਾਇਤਾ ਨਾਲ਼ੋਂ ਬਹੁਤੀ ਵਾਰ ਸਮਾਜਿਕ ਸਬੰਧ ਚੱਲਦੇ ਰਹਿਣੇ ਜ਼ਰੂਰੀ ਹੁੰਦੇ ਹਨ। ਇਸ ਵਾਸਤੇ ਉਨ੍ਹਾਂ ਪਰਿਵਾਰਾਂ ਨਾਲ ਲਗਾਤਾਰ ਰਾਬਤਾ ਬਣਾਈ ਰੱਖਣਾ, ਮਿਲਦੇ ਰਹਿਣਾ, ਉਨ੍ਹਾਂ ਦਾ ਮਨੋਬਲ ਬਣਾਈ ਰੱਖਣ ਵਾਸਤੇ ਸਲਾਹ ਮਸ਼ਵਰਾ ਕਰਨ ਦੇ ਨਾਲ ਹੀ ਜ਼ਰੂਰੀ ਹੈ ਇਖਲਾਕੀ ਹਮਾਇਤ ਅਤੇ ਨੈਤਿਕ ਸਮਰਥਨ। ਸਬੰਧਤ ਕਿਸਾਨਾਂ ਦੇ ਪਰਿਵਾਰਾਂ ਦੀ ਨਿਸ਼ਾਨਦੇਹੀ ਤੋਂ ਬਾਅਦ ਇਹ ਦੇਖਿਆ ਜਾਵੇ ਕਿ ਕਿੰਨੇ ਪਰਿਵਾਰਾਂ ਨੂੰ ਮੁੜ ਪੈਰਾਂ ਸਿਰ ਕਰਨ ਲਈ ਵਿੱਤੀ ਸਹਾਇਤਾ ਦੀ ਜ਼ਰੂਰਤ ਹੈ। ਬਹੁਤ ਹੀ ਗਰੀਬ ਪਰਿਵਾਰਾਂ ਨੂੰ ਗੁਜ਼ਾਰੇ ਵਾਸਤੇ ਡੰਗਰ ਖਰੀਦਣਾ, ਕਮਰਾ ਪਾਉਣ ਵਾਸਤੇ ਵਿੱਤੀ ਇਮਦਾਦ, ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਲਈ ਫ਼ੀਸ ਤੇ ਹੋਰ ਖ਼ਰਚਿਆਂ ਦਾ ਪ੍ਰਬੰਧ, ਰੋਜ਼ਾਨਾ ਦਵਾਈ ਦਾ ਖ਼ਰਚਾ ਆਦਿ ਕੀਤੇ ਜਾਣੇ ਚਾਹੀਦੇ ਹਨ। ਜਿਹੜੇ ਪਰਿਵਾਰਾਂ ਲਈ ਇਹ ਕਾਰਜ ਵਿੱਤੋਂ ਬਾਹਰੇ ਹਨ, ਉਨ੍ਹਾਂ ਨੂੰ ਇਹ ਸੰਸਥਾਵਾਂ (ਐੱਨਜੀਇਜ਼) ਜਾਂ ਐੱਨਆਰਆਈ ਅਪਣਾਉਣ ਜਾਂ ਗੋਦ ਲੈਣ ਦਾ ਕੰਮ ਵੀ ਕਰ ਰਹੀਆਂ ਹਨ। ਹਾਲ ਹੀ ਵਿਚ ਪੰਜਾਬ ਸਰਕਾਰ ਨੇ ਇਨ੍ਹਾਂ ਪਰਿਵਾਰਾਂ ਦੀ ਮਦਦ ਵਾਸਤੇ ਕਮੇਟੀ ਬਣਾਈ ਹੈ ਜਿਹੜੀ ਸਬੰਧਤ ਪਰਿਵਾਰ ਦੇ ਇਕ ਜੀਅ ਨੂੰ ਨੌਕਰੀ ਅਤੇ ਪੰਜ ਲੱਖ ਰੁਪਏ ਐਕਸ-ਗਰੇਸ਼ੀਆ ਮਦਦ ਦੀ ਸਿਫ਼ਾਰਸ਼ ਕਰ ਸਕਦੀ ਹੈ।

ਇਸ ਸਾਰੇ ਕੁਝ ਪਿੱਛੇ ਭਾਵਨਾ ਇਹੀ ਹੈ ਕਿ ਵਿੱਤੀ, ਮਨੋਵਿਗਿਆਨਕ ਤੇ ਭਾਵਨਾਤਮਕ ਤੌਰ ਤੇ ਟੁੱਟ ਚੁੱਕੇ ਪਰਿਵਾਰਾਂ ਨੂੰ ਮੁੜ ਮੁੱਖ ਧਾਰਾ ਵਿਚ ਸ਼ਾਮਲ ਕਰਨਾ। ਜੇਕਰ ਸਮੇਂ ਦੀ ਕੇਂਦਰ ਸਰਕਾਰ ਇਸ ਪਾਸਿਓਂ ਬੇਮੁੱਖ ਹੈ, ਖੇਤੀ ਵਿਰੁੱਧ ਲਾਗੂ ਕੀਤੇ ਜਾਣ ਵਾਲੇ ਤਿੰਨੇ ਕਾਨੂੰਨ ਵਾਪਸ ਨਾ ਲੈਣ ਲਈ ਬਜ਼ਿੱਦ ਹੈ ਤਾਂ ਅਸੀਂ ਅੰਦੋਲਨ ਦੌਰਾਨ ਫ਼ੌਤ ਹੋਏ ਇਨ੍ਹਾਂ ਕਿਸਾਨਾਂ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਰੁਲ਼ਣ ਵਾਸਤੇ ਨਹੀਂ ਛੱਡ ਸਕਦੇ। 'ਸਾਨੂੰ ਕੀ' ਦੀ ਥਾਂ 'ਸਾਨੂੰ ਹੀ' ਦੇ ਨੁਕਤੇ ਨੂੰ ਉਜਾਗਰ ਕਰਦੇ ਹੋਏ ਕੁਝ ਸਾਰਥਕ ਕਦਮ ਚੁੱਕਣ ਦੀ ਜ਼ਰੂਰਤ ਹੈ।

ਸਮਾਜਿਕ ਤੌਰ ਤੇ ਇਨ੍ਹਾਂ ਪਰਿਵਾਰਾਂ ਨੂੰ ਸਮਾਜ ਨਾਲ ਜੋੜੀ ਰੱਖਣ ਵਾਸਤੇ ਉਨ੍ਹਾਂ ਦੀ ਪਰਿਵਾਰਕ ਅਤੇ ਵਿੱਤੀ ਹਾਲਤ ਅਨੁਸਾਰ ਸਹਾਇਤਾ ਕਰਨੀ ਹੈ। ਯਾਦ ਰਹੇ ਕਿ ਇਸ ਕਾਰਜ ਦੀ ਲਗਾਤਾਰਤਾ ਅਤਿ ਜ਼ਰੂਰੀ ਹੈ। ਰੋਜ਼ਾਨਾ, ਹਫ਼ਤਾਵਾਰੀ ਜਾਂ ਮਾਸਿਕ ਜ਼ਰੂਰਤਾਂ ਨੂੰ ਵਖ ਵੱਖ ਰੱਖਦੇ ਹੋਏ ਵਿਸ਼ੇਸ਼ ਲੋੜਾਂ ਵੱਲ ਧਿਆਨ ਦੇਣਾ ਪਵੇਗਾ।

ਕਿਸੇ ਕਾਰਨ ਜਿੱਥੇ ਪਰਿਵਾਰ ਫਿਕਰ ਜਾਂ ਅਨਿ-ਸ਼ਚਿਤਾ ਦੀ ਹਾਲਤ ਵਿਚੋਂ ਲੰਘ ਰਿਹਾ ਹੈ, ਸਮਾਜ ਨਾਲ਼ੋਂ ਟੁੱਟਿਆ ਮਹਿਸੂਸ ਕਰ ਰਿਹਾ ਹੈ, ਉੱਥੇ ਵਿੱਤੀ ਸਹਾਇਤਾ ਨਾਲ਼ੋਂ ਇਖਲਾਕੀ ਸਹਾਇਤਾ ਵੱਲ ਤਵੱਜੋ ਦੇਣੀ ਬਣਦੀ ਹੈ। ਇਨ੍ਹਾਂ ਪਰਿਵਾਰਾਂ ਨਾਲ ਲਗਾਤਾਰ ਸੰਪਰਕ ਵਿਚ ਰਹਿਣ ਵਾਸਤੇ ਆਪਸ ਵਿਚ ਮਿਲਣ ਦਾ ਪ੍ਰੋਗਰਾਮ ਬਣਾਉਂਦੇ ਰਹਿਣਾ ਹੈ।

ਪਰਿਵਾਰ ਦੇ ਸਾਰੇ ਜੀਆਂ ਨਾਲ ਰਾਬਤਾ ਰੱਖਣ ਦੀ ਵੀ ਜ਼ਰੂਰਤ ਹੈ ਤਾਂ ਕਿ ਕੋਈ ਵੀ ਮੈਂਬਰ ਸਮਾਜਿਕ ਮੁੱਖ ਧਾਰਾ ਤੋਂ ਭਟਕ ਕੇ ਕਿਸੇ ਸਮਾਜ ਵਿਰੋਧੀ ਰਸਤੇ ਨਾ ਪੈ ਜਾਵੇ। ਉਸ ਨੂੰ ਸਚਿਆਰਾ ਮਨੁੱਖ ਬਣਾਈ ਰੱਖਣ ਵਾਸਤੇ ਮੁਢਲੀਆਂ ਜ਼ਰੂਰਤਾਂ- ਕੁੱਲੀ, ਗੁੱਲੀ ਤੇ ਜੁੱਲੀ ਦਾ ਪੂਰਾ ਹੋਣਾ ਲਾਜ਼ਮੀ ਹੈ।

ਮਨੁੱਖ ਸਮਾਜਿਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦੇ ਹੋਏ ਭਾਈਚਾਰੇ ਅਤੇ ਮਿਲਵਰਤਣ ਦੀ ਅਹਿਮ ਭੂਮਿਕਾ ਹੁੰਦੀ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਕਦੇ ਵੀ ਪੰਜਾਬੀਆਂ ਤੇ ਭੀੜ ਪਈ ਤਾਂ ਉਸ ਦਾ ਇਕੱਠਿਆਂ ਮਿਲ ਕੇ ਸਫਲਤਾਪੂਰਬਕ ਮੁਕਾਬਲਾ ਕੀਤਾ। ਜਾਬਰ ਸਰਕਾਰਾਂ ਨਾਲ ਲੋਹਾ ਲੈਣਾ ਸਾਡਾ ਵਿਰਸਾ ਹੈ ਪਰ ਨਾਲ ਹੀ ਸਬਰ ਸੰਤੋਖ ਤੇ ਮਿਲਵਰਤਣ ਦੀ ਸਿੱਖਿਆ ਵੀ ਸਾਨੂੰ ਸਾਡੇ ਗੁਰੂਆਂ ਪਾਸੋਂ ਮਿਲੀ ਹੈ। ਬਾਬੇ ਨਾਨਕ ਨੇ ਨਾਮ ਜਪਣ ਦੇ ਨਾਲ ਨਾਲ ਕਿਰਤ ਕਰਨ ਤੇ ਵੰਡ ਛਕਣ ਦਾ ਪੈਗ਼ਾਮ ਦਿੱਤਾ। ਕਰਤਾਰਪੁਰ ਮਾਡਲ ਤਹਿਤ ਉਸੇ ਸਾਂਝੀ ਖੇਤੀ ਦੇ ਮਾਡਲ ਨੂੰ ਅਪਣਾਉਂਦੇ ਹੋਏ ਅੱਜ ਅਸੀਂ ਨਾ ਕੇਵਲ ਖੇਤੀਬਾੜੀ ਖੇਤਰ ਬਚਾਉਣ ਵਿਚ ਕਾਮਯਾਬ ਹੋਵਾਂਗੇ ਸਗੋਂ ਇਸ ਨਾਲ ਜੁੜੇ ਭਾਈਚਾਰੇ, ਕਿਸਾਨ ਮਜ਼ਦੂਰਾਂ ਤੇ ਛੋਟੇ ਦੁਕਾਨਦਾਰਾਂ, ਵਪਾਰੀਆਂ ਨੂੰ ਵੀ ਸੰਭਾਲ਼ ਸਕਣ ਦੇ ਸਮਰੱਥ ਹੋਵਾਂਗੇ ਜਿਹੜੇ ਅਸਿੱਧੇ ਤੌਰ ਤੇ ਕਿਸਾਨੀ ਨਾਲ ਜੁੜੇ ਹੋਏ ਹਨ। ਖੇਤੀਬਾੜੀ ਖੇਤਰ ਵਿਚ ਵੱਡੇ ਕਾਰਪੋਰੇਟ ਘਰਾਣਿਆਂ ਦੀ ਆਮਦ ਅਤੇ ਜਕੜ ਨੂੰ ਟੱਕਰ ਦੇਣ ਵਾਸਤੇ ਸਹਿਕਾਰੀ ਜਾਂ ਸਾਂਝੀ ਖੇਤੀ ਮਾਡਲ ਅਪਣਾਇਆ ਜਾ ਸਕਦਾ ਹੈ ਜਿਸ ਵਿਚ ਸਾਰੇ ਰਲ ਮਿਲ ਕੇ ਕੰਮ ਕਰਨਗੇ ਅਤੇ ਵੰਡ ਕੇ ਛਕਣਗੇ। ਉੱਥੇ ਕਰਜ਼ੇ, ਖ਼ੁਦਕੁਸ਼ੀਆਂ ਜਾਂ ਆਪਣੇ ਹੀ ਹੱਕਾਂ ਨੂੰ ਮਾਨਣ ਵਾਸਤੇ ਜਾਨਾਂ ਨਹੀਂ ਵਾਰਨੀਆਂ ਪੈਣਗੀਆਂ ਪਰ ਇਸ ਵੇਲੇ ਜਾਨ ਵਾਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਦੀ ਸਾਂਭ ਸੰਭਾਲ਼ ਸਾਡੀ ਸਮਾਜਿਕ, ਨੈਤਿਕ ਤੇ ਇਖਲਾਕੀ ਜ਼ਿੰਮੇਵਾਰੀ ਹੈ। ਆਓ, ਇਸ ਨੂੰ ਨੇਕ ਕਾਰਜ ਸਮਝਦਿਆਂ ਨਿਰਸਵਾਰਥ ਹੋ ਕੇ ਨਿਸ਼ਕਾਮ ਸੇਵਾ ਵਿਚ ਵਧ ਚੜ੍ਹ ਕੇ ਹਿੱਸਾ ਪਾਈਏ।

**ਕੰਵਲਜੀਤ ਕੌਰ ਗਿੱਲ**
**ਸੰਪਰਕ: 98551-22857**

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜ਼ਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਮੋਰਨੀ ਦੇ ਟਿੱਕਰ ਤਾਲ ਦਾ ਪਾਣੀ ਦਾ ਪੱਧਰ ਘਟਣਾ ਇਕ ਗੰਭੀਰ ਮਾਮਲਾ ਹੈ: ਡੀ.ਸੀ.

**ਪੰਚਕੂਲਾ (ਦੀਪਕ ਸ਼ਰਮਾ)** ਡੀਸੀ ਮੁਕੇਸ ਕੁਮਾਰ ਆਹੂਜਾ ਨੇ ਦੱਸਿਆ ਕਿ ਟਿੱਕਰ ਤਾਲ ਵਿੱਚ ਪਾਣੀ ਦਾ ਪੱਧਰ ਘੱਟ ਜਾਣ ਦੇ ਕਾਰਨਾਂ ਦਾ ਪਤਾ ਲਗਾਇਆ ਜਾਵੇਗਾ । ਇਸ ਸਬੰਧ ਵਿਚ ਉਹ ਆਪ ਟੂਰਿਜ਼ਮ ਔਰ ਫਾਰੈਸਟ ਦੇਪ੍ਰਟਮੈਂਟ ਤੋਂ ਰਿਪੋਰਟ ਵੀ ਮੰਗਣੇ । ਮੋਰਨੀ ਦੀ ਤਾਲ ਦਾ ਪਾਣੀ ਦਾ ਪੱਧਰ ਘੱਟ ਹੋਣਾ ਇਕ ਗੰਭੀਰ ਮਾਮਲਾ ਹੈ । ਅਧਿਕਾਰੀਆਂ ਨੂੰ ਇਸ ਮਾਮਲੇ ਬਾਰੇ ਪਤਾ ਲਗਾਉਣ ਲਈ ਕਿਹਾ ਜਾਵੇਗਾ ।ਮੋਰਨੀ ਦੇ ਟਿੱਕਰ ਤਾਲ ਦਾ ਪਾਣੀ ਦਾ ਪੱਧਰ ਕਈ ਫੁੱਟ ਡਿੱਗ ਗਿਆ । ਪ੍ਰਸਾਸਨ ਵੱਲੋਂ ਇਸ ਤਾਲ ਦੀ ਨਿਗਰਾਨੀ ਨਹੀਂ ਕੀਤੀ ਜਾ ਰਹੀ ਹੈ । ਇਸਲਈ ਪਾਣੀ ਦਾ ਪੱਧਰ ਹਰ ਸਾਲ ਘਟ ਰਿਹਾ ਹੈ । ਪਿੰਡ ਵਾਸੀਆਂ ਨੇ ਬੱਚੀ ਕਸਰ ਪੂਰੀ ਕਰਤੀ, ਇਸ ਤਲਾਅ ਦੇ ਪਾਣੀ ਨਾਲ ਖੇਤਾਂ ਨੂੰ ਸਿੰਜ ਕਰਕੇ । ਪਿਛਲੇ ਕਈ ਸਾਲਾਂ ਤੋਂ ਟਿੱਕਰ ਤਾਲ ਵਿੱਚ ਪਾਣੀ ਦਾ ਪੱਧਰ ਨਿਰੰਤਰ ਘਟਦਾ ਜਾ ਰਿਹਾ ਹੈ । ਇਸ ਤੋਂ ਇਲਾਵਾ, ਮੋਰਨੀ ਖੇਤਰ ਦੀ ਪਛਾਣ ਹੀ ਟਿੱਕਰ ਤਾਲ ਕਾਰਨ ਹੈ । ਅਜਿਹੀ ਸਥਿਤੀ ਵਿਚ, ਜੇ ਟਿੱਕਰ ਤਾਲ ਦਾ ਪਾਣੀ ਦਾ ਪੱਧਰ ਨਿਰੰਤਰ ਘਟਦਾ ਜਾਂਦਾ ਹੈ ਤਾਂ ਇਹ ਤਾਲ ਅਲੋਪ ਹੋ ਜਾਵੇਗਾ । ਜੋ ਮੋਰਨੀ ਆਰੀਆ ਦੀ ਪਛਾਣ ਬਣ ਗਿਆ ਹੈ ।



ਇਕ ਪਾਸੇ ਟੂਰਿਜ਼ਮ ਵਿਭਾਗ ਇਸ ਖੇਤਰ ਨੂੰ ਟੂਰਿਸਟ ਸਪਾਟ ਵਜੋਂ ਵਿਕਸਤ ਕਰ ਰਿਹਾ ਹੈ । ਦੂਜੇ ਪਾਸੇ ਇਸ ਤਾਲ ਨੂੰ ਬਣਾਈ ਰੱਖਣ ਲਈ ਕੋਈ ਕੰਮ ਨਹੀਂ ਕੀਤਾ ਜਾ ਰਿਹਾ ਹੈ ।

# ਕਰਤਾਰਪੁਰ ਪ੍ਰੈਸ ਕਲੱਬ ਨੇ ਕਲੱਬ ਨੂੰ ਜਗ੍ਹਾ ਦੇਣ ਲਈ ਕਾਰਜ ਸਾਧਕ ਅਫਸਰ ਨੂੰ ਮੰਗ ਪੱਤਰ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕਰਤਾਰਪੁਰ ਪ੍ਰੈਸ ਕੱਲਬ ਵੱਲੋਂ ਪ੍ਰਧਾਨ ਬੋਧ ਪ੍ਰਕਾਸ਼ ਸਾਹਨੀ ਦੀ ਅਗਵਾਈ ਵਿੱਚ ਇੱਕ ਮੰਗ ਪੱਤਰ ਕਾਰਜ ਸਾਧਕ ਅਫਸਰ ਚਰਨ ਦਾਸ ਨੂੰ ਦਿੱਤਾ ਗਿਆ। ਇਸ ਮੋਕੇ ਪੱਤਰਕਾਰਾਂ ਨੇ ਈ ਉ ਸਾਹਿਬ ਨੂੰ ਦੱਸਿਆ ਕਿ ਪ੍ਰੈਸ ਕਲੱਬ ਰੀਜਸਟਰਡ ਹੈ ਤੇ ਪ੍ਰੈੱਸ ਕਲੱਬ ਨਾਲ ਸਬੰਧਤ ਪੱਤਰਕਾਰ ਨਾਲ ਸੰਪਰਕ ਕਰਨ ਜਾਂ ਪ੍ਰੈੱਸ ਕਾਨਫਰੰਸ ਆਦਿ ਕਰਨ ਲਈ ਪਤੱਰਕਾਰ ਭਾਈਚਾਰੇ ਕੋਲ ਕੋਈ ਦਫਤਰ ਨਹੀਂ ਹੈ ਜਿੱਥੇ ਸਾਰੇ ਪਤੱਰਕਾਰ ਲੋਕਾਂ ਦੀ ਆਵਾਜ਼ ਸੁਨ ਕੇ ਪ੍ਰਸ਼ਾਸਨ ਤੱਕ ਪਹੁੰਚਾਉਣ ਲਈ ਇਕੱਠੇ ਹੋ ਸਕਣ। ਇਸ ਲਈ ਪਤੱਰਕਾਰ ਭਾਈਚਾਰੇ ਨੂੰ ਢੁੱਕਵੀਂ ਥਾਂ ਅਲਾਟ ਕਰਨ ਦਾ ਇੰਤਜਾਮ ਕੀਤਾ ਜਾਵੇ। ਇਸ ਮੋਕੇ ਕਾਰਜ ਸਾਧਕ ਅਫਸਰ ਨੇ ਪੱਤਰਕਾਰਾਂ ਨੂੰ ਭਰੋਸਾ ਦਿੱਤਾ ਕਿ ਕੱਲਬ ਨੂੰ ਜਗ੍ਹਾ ਦੇਣ ਸੰਬੰਧੀ ਮੰਗ ਪੱਤਰ ਉੱਚ ਅਫਸਰਾਂ ਤੱਕ ਪਹੁੰਚਾ ਕੇ ਜਗ੍ਹਾ ਦੇਣ ਸੰਬੰਧੀ ਕਾਰਵਾਈ ਕੀਤੀ ਜਾਵੇਗੀ। ਇਸ ਮੋਕੇ ਪੱਤਰਕਾਰਾਂ ਵਿੱਚ ਬੋਧ ਪ੍ਰਕਾਸ਼ ਸਾਹਨੀ, ਭਜਨ ਸਿੰਘ ਧੀਰਪੁਰ, ਜਸਵੰਤ ਵਰਮਾ, ਗਗਨਦੀਪ ਗੌਤਮ, ਭੁਪਿੰਦਰ ਸਿੰਘ ਮਾਹੀ, ਰਾਕੇਸ਼ ਪੁੰਜ, ਹਰਮੇਸ਼ ਦੱਤ, ਸੁਰਿੰਦਰ ਸਿੰਘ ਪੱਡਾ, ਦਿਨੇਸ਼ ਕੁਮਾਰ ਆਦਿ ਪੱਤਰਕਾਰ ਹਾਜਰ ਸਨ।



# ਅਧਿਆਪਕ ਵਰਗ ਕਿਸਾਨ/ਮਜ਼ਦੂਰ ਹਮਾਇਤ ਤੇ ਕਾਲੇ ਬਿੱਲੇ ਲਾ ਕੇ ਮਨਾਏ ਰੋਸ ਵਿਰੋਧੀ ਦਿਵਸ:ਜੀਟੀਯੂ ਪੰਜਾਬ(ਵਿਗਿਆਨਿਕ )

**ਐਸ ਏ ਐਸ ਨਗਰ (ਅਮ੍ਰਿਤਪਾਲ ਸਿੰਘ ਸਫ਼ਰੀ)** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ ) ਵੱਲੋਂ ਪੰਜਾਬ ਯੂ ਟੀ ਮੁਲਾਜ਼ਮ ਅਤੇ ਪੈਨਸ਼ਨਰਜ ਸਾਂਝਾ ਫਰੰਟ ਅਤੇ ਸਾਂਝੇ ਅਧਿਆਪਕ ਮੋਰਚੇ ਦੇ ਸੱਦੇ 'ਤੇ ਜਿੱਥੇ ਮਨਾਏ ਜਾ ਰਹੇ ਰੋਸ ਹਫ਼ਤੇ ਵਿੱਚ ਡੱਟ ਕੇ ਕਾਲੇ ਬਿੱਲੇ/ਪੱਟੀਆਂ ਲਗਾ ਕੇ ਭਰਵੀਂ ਸ਼ਮੂਲੀਅਤ ਕੀਤੀ ਜਾ ਰਹੀ ਹੈ, ਉਥੇ ਸਾਰੇ ਅਧਿਆਪਕ ਵਰਗ ਨੂੰ 26 ਮਈ ਦੇ ਸਰਕਾਰ ਵਿਰੋਧੀ ਦਿਵਸ ਵਿੱਚ ਵੀ ਸ਼ਾਮਿਲ ਹੋਣ ਦੀ ਅਪੀਲ ਕੀਤੀ ਗਈ ਹੈ।

ਸੂਬਾ ਪ੍ਰਧਾਨ ਹਰਜੀਤ ਬਸੋਤਾ, ਸੁਰਿੰਦਰ ਕੰਬੋਜ, ਨਵਪ੍ਰੀਤ ਬੱਲੀ, ਐਨ ਡੀ ਤਿਵਾੜੀ ਨੇ ਦੱਸਿਆ ਕਿ ਦੇਸ਼ ਦਾ ਕਿਸਾਨ ਪਿਛਲੇ ਇੱਕ ਸਾਲ ਤੋਂ ਆਪਣੇ ਜਾਇਜ਼ ਹੱਕਾਂ ਲਈ ਅਤੇ ਦੇਸ਼ ਦੇ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਹੱਕਾਂ ਉਪਰ ਹੋ ਰਹੇ ਹਮਲਿਆਂ ਨੂੰ ਕਾਰਪੋਰੇਟ ਘਰਾਣਿਆਂ ਤੋਂ ਬਚਾਉਣ ਲਈ ਕੇਂਦਰ ਦੀ ਮੋਦੀ ਸਰਕਾਰ ਨਾਲ ਸੰਘਰਸ਼ ਕਰ ਰਿਹਾ ਹੈ, ਉੱਥੇ ਪੰਜਾਬ ਦੇ ਮੁਲਾਜ਼ਮ ਵੀ ਕੇਂਦਰ ਸਰਕਾਰ ਦੇ ਨਾਲ-ਨਾਲ ਪੰਜਾਬ ਸਰਕਾਰ ਵਿਰੁੱਧ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ 2017 ਤੋਂ ਸੰਘਰਸ਼ ਕਰ ਰਹੇ ਹਨ, ਮੁਲਾਜ਼ਮਾਂ ਦਾ ਛੇਵਾਂ ਪੇਅ ਕਮਿਸ਼ਨ 1-1-2016 ਤੋਂ ਬਕਾਇਆ ਹੈ, ਹਰ ਤਰਾਂ ਦੇ ਕੱਚੇ ਮੁਲਾਜ਼ਮ ਪੱਕੇ ਕਰਨ ਲਈ ਬਣਾਈ ਕਮੇਟੀ ਵੱਲੋਂ ਕੋਈ ਰਿਪੋਰਟ ਜਾਰੀ ਨਹੀਂ ਕੀਤੀ ਜਾ ਰਹੀ, ਕੋਰਟ ਵੱਲੋਂ ਦਿੱਤੇ ਫ਼ੈਸਲੇ ਸਮਾਨ ਕੰਮ ਸਮਾਨ ਵੇਤਨ ਨੂੰ ਲਾਗੂ ਨਹੀਂ ਕੀਤਾ ਗਿਆ, ਪੁਰਾਣੀ ਪੈਨਸ਼ਨ ਬਹਾਲੀ ਲਈ, ਮਹਿੰਗਾਈ ਭੱਤੇ ਦੇ ਬਕਾਏ, ਨਵੇ ਲੱਗੇ ਕਰਮਚਾਰੀਆਂ 'ਤੇ ਕੇਂਦਰ ਦਾ ਪੇਅ ਕਮਿਸ਼ਨ ਲਾਗੂ ਕਰਨਾ, ਅਧਿਆਪਕਾਂ ਦੀ ਬਦਲੀਆਂ ਲਾਗੂ ਨਾ ਕਰਨੀਆਂ ਸੰਬੰਧੀ ਮਸਲਿਆਂ ' ਤੇ ਪੂਰੇ ਪੰਜਾਬ ਵਿੱਚ ਕਾਲੇ ਬਿੱਲੇ/ਪੱਟੀਆਂ ਲਾ ਕੇ ਵਿਰੋਧ ਕਰ ਰਹੇ ਹਨ ।

ਇਸ ਮੌਕੇ ਜੀਟੀਯੂ ਪੰਜਾਬ(ਵਿਗਿਆਨਿਕ ) ਵਲੋਂ ਕੰਵਲਜੀਤ ਸੰਗੋਵਾਲ, ਜਰਨੈਲ ਸਿੰਘ ਮਿੱਠੇਵਾਲ, ਬਿਕਰਮਜੀਤ ਸਿੰਘ ਸ਼ਾਹ, ਸੋਮ ਸਿੰਘ ,ਪਰਮਜੀਤ ਕੌਰ ਗੁਰਦਾਸਪੁਰ , ਪ੍ਰਗਟ ਸਿੰਘ ਜੰਬਰ, ਨਵਦੀਪ ਸੁੱਖੀ, ਜਤਿੰਦਰ ਸਿੰਘ ਸੋਨੀ, ਜਗਦੀਪ ਸਿੰਘ ਜੌਹਲ, ਗੁਰਜੀਤ ਸਿੰਘ ਮੋਹਾਲੀ, ਸੁੱਚਾ ਸਿੰਘ ਚਾਹਲ, ਰਣਜੀਤ ਸਿੰਘ ਰਬਾਬੀ, ਅਸ਼ਵਨੀ ਸ਼ਰਮਾ, ਤਰਸੇਮ ਪਠਲਾਵਾਂ, ਰਘਬੀਰ ਸਿੰਘ ਬੱਲ, ਅਮਰਜੀਤ ਕੁਮਾਰ ਪਠਾਨਕੋਟ, ਰਸ਼ਮਿੰਦਰ ਪਾਲ ਸੋਨੂੰ, ਰਾਕੇਸ਼ ਕੁਮਾਰ ਬੰਟੀ,



ਜਰਨੈਲ ਜੰਡਾਲੀ, ਬਲਬੀਰ ਸਿੰਘ, ਧਰਮਿੰਦਰ ਠਾਕਰੇ, ਕਮਲ ਕੁਮਾਰ,ਮੇਜਰ ਸਿੰਘ, ਰਮਨ ਕੁਮਾਰ ਗੁਪਤਾ, ਪੰਕਜ ਕੁਮਾਰ, ਬਲਵਿੰਦਰ ਸਿੰਘ ਕਾਲੜਾ, ਜਤਿੰ-ਦਰ ਸਿੰਘ ਤੁਲੀ ਆਦਿ ਆਗੂਆਂ ਨੇ ਸਮੂਹ ਅਧਿਆਪਕ ਵਰਗ ਨੂੰ ਅਪੀਲ ਕੀਤੀ ਹੈ ਕਿ 26 ਮਈ ਨੂੰ ਕਾਲੇ ਬਿੱਲੇ ਲਾਕੇ ਕਿਸਾਨਾਂ ਵਲੋਂ ਮਨਾਏ ਜਾ ਰਹੇ ਵਿਰੋਧ ਦਿਵਸ ਵਿਚ ਡੱਟ ਕੇ ਸ਼ਮੂਲੀਅਤ ਕਰਨ।

**ਐਨ ਡੀ ਤਿਵਾੜੀ, ਸੂਬਾ ਪ੍ਰੈਸ ਸਕੱਤਰ**
**ਸੰਪਰਕ ਨੰਬਰ -7972689591**

# ਵਿਧਾਇਕ ਚੋਧਰੀ ਸੁਰਿੰਦਰ ਸਿੰਘ ਨੇ ਸਕੂਲ ਨੂੰ 2 ਲੱਖ ਰੁਪਏ ਦੇਣ ਦਾ ਐਲਾਨ




**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ )** ਚੋਧਰੀ ਸੁਰਿੰਦਰ ਸਿੰਘ ਐੱਮ ਐੱਲ ਏ ਹਲਕਾ ਕਰਤਾਰਪੁਰ ਵੱਲੋ ਸ਼ਹੀਦ ਕਾਂਸਟੇਬਲ ਲਖਵੀਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਿੰਡ ਚਿੱਟੀ ਦਾ ਨਰਖੀਣ ਕਰਨ ਸਮੇਂ ਸਕੂਲ ਦੇ ਕਮਰਿਆਂ ਵਾਸਤੇ 2 ਲੱਖ ਰੁਪਏ ਗਰਾਂਟ ਦੀ ਘੋਸ਼ਣਾ ਕੀਤੀ। ਇਸ ਮੋਕੇ ਹੀ ਚੋਧਰੀ ਨੇ ਸਕੂਲ ਦੇ ਕੁੱਝ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ। ਇਸ ਮੋਕੇ ਸਕੂਲ ਦਾ ਸਟਾਫ ਅਤੇ ਹੋਰ ਪਤਵੰਤੇ ਸੱਜਣ ਹਾਜਰ ਸਨ।

# ਪੰਜਾਬ ਹੁਨਰ ਵਿਕਾਸ ਮਿਸ਼ਨ ਫਿਰੋਜ਼ਪੁਰ ਵੱਲੋਂ ਜਲਦ ਹੀ ਨਵਾਂ ਸਕਿੱਲ ਕੋਰਸ ਸੂਰੂ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਵਧੀਕ ਡਿਪਟੀ ਕਮਿਸ਼ਨਰ (ਵਿੱਕਾਸ) ਸ੍ਰੀ. ਅਰੁਣ ਸਰਮਾ ਨੇ ਦੱਸਿਆ ਕਿ ਕੋਵਿਡ-19 ਮਹਾਂਮਾਰੀ ਵਿਚ ਜਿਲ੍ਹੇ ਦੀਆਂ ਸਿਹਤ ਸਹੂਲਤਾਂ ਨੂੰ ਹੁਲਾਰਾ ਦੇਣ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਅਤੇ ਪੰਜਾਬ ਹੁਨਰ ਵਿਕਾਸ ਮਿਸ਼ਨ, ਫਿਰੋਜ਼ਪੁਰ ਵੱਲੋਂ ਜਲਦ ਹੀ ਨਵਾਂ ਸਕਿੱਲ ਕੋਰਸ ਸੂਰੂ ਕੀਤਾ ਜਾ ਰਿਹਾ ਹੈ। ਇਸ ਕੋਰਸ ਵਿੱਚ ਯੋਗ ਉਮੀਦਵਾਰਾਂ ਨੂੰ ਹੈਲਥ ਕੇਅਰ ਟੈਕਨੀਸ਼ੀਅਨ ਦੀ 21 ਦਿਨ ਲਈ ਮੁਫ਼ਤ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ ਮੌਜੂਦਾ ਹੈਲਥ ਸੰਸਥਾਵਾਂ ਦੀਆਂ ਲੋੜਾਂ ਦੇ ਹਿਸਾਬ ਨਾਲ ਉਮੀਦਵਾਰਾਂ ਨੂੰ ਯੋਗ ਬਣਾਇਆ ਜਾ ਸਕੇ। ਜੋ ਚਾਹਵਾਨ ਉਮੀਦਵਾਰ ਇਹ ਸਿਖਲਾਈ ਲੈਣਾ ਚਾਹੁੰਦੇ ਹਨ, ਉਹ ਦਿੱਤੇ ਲਿੰਕ :https://forms.gle/7s8iWPDFLaVBw9pX9 ਤੇ ਕਲਿੱਕ ਕਰਕੇ ਅਪਲਾਈ ਕਰ ਸਕਦੇ ਹਨ ਜਾਂ ਪੰਜਾਬ ਹੁਨਰ ਵਿਕਾਸ ਮਿਸ਼ਨ ਫਿਰੋਜ਼ਪੁਰ ਦੇ ਦਫਤਰ ਵਿਚ ਸਰਬਜੀਤ ਸਿੰਘ ਨਾਲ (ਮੋਬਾਇਲ ਨੰ:94664-83665) ਸੰਪਰਕ ਕਰ ਸਕਦੇ ਹਨ।



# ਗਰੀਬ ਮਜਦੂਰਾਂ ਨੂੰ ਪ੍ਰਧਾਨ ਮੰਤਰੀ ਦੀ ਸਕੀਮ ਦੇ ਪੈਸੇ ਦਿਵਾਉਣ ਦੇ ਬਹਾਨੇ ਪੈਸੇ ਠੱਗਣ ਵਾਲਾ ਠੱਗ ਕਾਬੂ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕਰਤਾਰਪੁਰ ਪੁਲਿਸ ਨੇ ਇੱਕ ਐਸੇ ਠੱਗ ਨੂੰ ਕਾਬੂ ਕੀਤਾ ਹੈ ਜੋ ਗਰੀਬ ਮਜਦੂਰ, ਰਿਹੜੀ,ਖੋਖੇ ਵਾਲਿਆਂ ਨੂੰ ਪ੍ਰਧਾਨ ਮੰਤਰੀ ਦੀ ਸਕੀਮ ਬਾਰੇ ਦੱਸ ਕੇ 10-10 ਹਜਾਰ ਰੁਪਏ ਖਾਤੇ ਵਿੱਚ ਆਉਣ ਦੀ ਗੱਲ ਕਰਕੇ ਉਹਨਾਂ ਦਾ ਅਧਾਰ ਕਾਰਡ ਦਾ ਨੰਬਰ ਅਤੇ ਮਸ਼ੀਨ ਤੇ ਅੰਗੂਠਾ ਲਗਾ ਕੇ ਉਹਨਾਂ ਦੇ ਬੈਂਕ ਖਾਤਿਆਂ ਵਿੱਚੋ ਪੈਸੇ ਕੱਢਾ ਲੈਂਦਾ ਸੀ। ਇਸ ਸੰਬੰਧ ਵਿੱਚ ਕਰਤਾਰਪੁਰ ਥਾਣਾ ਮੁਖੀ ਇੰਸਪੈਕਟਰ ਰਾਜੀਵ ਕੁਮਾਰ ਨੇ ਦੱਸਿਆ ਕਿ ਸੀਤਾ ਪਤਨੀ ਰਿਖੀ ਬਹਾਦਰ ਵਾਸੀ ਨਿਊ ਚੰਦਨ ਨਗਰ ਕਰਤਾਰਪੁਰ ਨੇ ਪੁਲਿਸ ਨੂੰ ਸੂਚਿਤ ਕੀਤਾ ਕਿ ਉਨ੍ਹਾਂ ਨੇ ਇੱਕ ਠੱਗ ਨੂੰ ਕਾਬੂ ਕੀਤਾ ਹੈ ਪੁਲਿਸ ਤੁਰੰਤ ਜਾ ਕੇ ਠੱਗ ਨੂੰ ਕਾਬੂ ਕਰਕੇ ਥਾਣੇ ਲੈ ਆਂਦਾ। ਸੀਤਾ ਰਾਣੀ ਨੇ ਆਪਣੇ ਬਿਆਨਾਂ ਵਿੱਚ ਕਿਹਾ ਕਿ ਉਹ ਘਰਾਂ ਵਿੱਚ ਮਿਹਨਤ ਮਜਦੂਰੀ ਕਰਦੀ ਹੈ ਜਦਕਿ ਉਸ ਦਾ ਪਤੀ ਰਿਖੀ ਬਹਾਦਰ ਚਾਹ ਦਾ ਖੋਖਾ ਕਰਦਾ ਹੈ। ਬੀਤੀ 2 ਮਾਰਚ ਨੂੰ ਇੱਕ ਲੜਕਾ ਸਾਡੇ ਚਾਹ ਦੇ ਖੋਖੇ ਤੇ ਆਇਆ ਤੇ ਕਹਿਣ ਲੱਗਾ ਤੁਸੀਂ ਪ੍ਰਧਾਨ ਮੰਤਰੀ ਸਕੀਮ ਦਾ ਕਾਰਡ ਬਣਾ ਲਉ ਤੁਹਾਨੂੰ ਦਸ ਹਜਾਰ ਰੁਪਏ ਮਿਲਣਗੇ ਮੈਂ ਇਸ ਦੇ ਝਾਸੇ ਵਿੱਚ ਆ ਕੇ ਆਪਣਾ ਆਧਾਰ ਕਾਰਡ ਦਾ ਨੰਬਰ ਦੇ ਦਿੱਤਾ ਅਤੇ ਇਸ ਦੇ ਕਹਿਣ ਤੇ ਇਸ ਦੇ ਕੋਲ ਜਿਹੜੀ ਮਸ਼ੀਨ ਸੀ ਉਸ ਤੇ ਅੰਗੂਠਾਂ ਵੀ ਲਗਾਇਆ ਇਸ ਤਰ੍ਹਾਂ ਕਈ ਵਾਰ ਉਹ ਕਾਰਡ ਦੇ ਨਾਂ ਤੇ ਕਈ ਵਾਰ ਅੰਗੂਠਾ ਲਗਵਾ ਕੇ ਲੈ ਜਾਣ ਰਿਹਾ। ਕੁਝ ਦਿਨ ਪਹਿਲਾਂ ਮੈਂ ਆਪਣੇ ਬੈਂਕ ਖਾਤੇ ਵਿੱਚੋ ਪੈਸੇ ਕਢਵਾਉਣ ਗਈ ਤਾਂ ਪਤਾ ਲੱਗਾ ਖਾਤੇ ਵਿੱਚ ਪੈਸੇ ਹੀ ਨਹੀਂ ਹਨ। ਜਦ ਸਟੇਟਮੈਂਟ ਘਡਵਾਈ ਤਾਂ ਪਤਾ ਲੱਗਾ ਜਦੋਂ ਜਦੋਂ ਉਸ ਵਿਅਕਤੀ ਨੇ ਅੰਗੂਠਾ ਲਗਵਾਇਆ ਉਦੋਂ 10-10 ਹਜਾਰ ਰੁਪਏ ਖਾਤੇ ਵਿੱਚੋ ਨਿਕਲੇ ਸੀ। ਉਹ ਠੱਗ ਅੱਜ ਫਿਰ ਅੰਗੂਠਾ ਲਗਵਾਉਣ ਆਇਆ ਤਾ



ਉਸ ਨੂੰ ਫੜ ਕੇ ਪੁਲਿਸ ਹਵਾਲੇ ਕਰ ਦਿੱਤਾ। ਫੜੇ ਗਏ ਦੋਸ਼ੀ ਦੀ ਪਛਾਣ ਰੋਹਿਤ ਕੁਮਾਰ ਪੁੱਤਰ ਬਾਂਕੇ ਲਾਲ ਵਾਸੀ ਜਿਲ੍ਹਾ ਛੱਪਰਾ ਬਿਹਾਰ ਹਾਲ ਵਾਸੀ ਪ੍ਰੀਤ ਨਗਰ ਬਟਾਲਾ ਰੋਡ ਅਮ੍ਰਿਤਸਰ ਹੋਈ ਹੈ। ਪੁਲਿਸ ਨੇ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਇਸ ਠੱਗ ਨੇ ਪਤਾ ਨਹੀਂ ਕਿੰਨੇ ਕੁ ਗਰੀਬਾਂ ਨਾਲ ਠੱਗੀ ਮਾਰ ਕੇ ਉਹਨਾਂ ਦੇ ਖੂਨ ਪਸੀਨੇ ਦੀ ਕਮਾਈ ਲੁੱਟੀ ਹੈ। ਥਾਣਾ ਮੁਖੀ ਨੇ ਕਿਹਾ ਦੋਸ਼ੀ ਦਾ ਪੁਲਿਸ ਰਿਮਾਂਡ ਲੈ ਕੇ ਸਾਰੀ ਜਾਣਕਾਰੀ ਲਈ ਜਾਵੇਗੀ।

# ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰ-ਪੁਰ ਵੱਲੋਂ ਸਬਜੀ ਵੇਚਣ ਵਾਲੇ ਨੂੰ ਦਿੱਤੀ ਰੇਹੜੀ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕੋਰੋਨਾ ਕਾਲ ਦੇ ਚਲਦਿਆਂ ਘਰ ਦਾ ਗੁਜ਼ਾਰਾ ਚਲਾਉਣ ਵਿੱਚ ਅਸਮਰੱਥ ਹੋਣ ਤੇ ਗਲ੍ਹੀ ਦੇ ਮੋੜ ਤੇ ਮੰਜੇ ਤੇ ਸਬਜੀ ਵੇਚਣ ਵਾਲੇ ਕੁਮਾਰ ਗੌਰਵ (ਮੰਨੂੰ) ਨੂੰ ਅੱਜ ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਰਿਕਸ਼ਾ ਰੇਹੜੀ ਦਿੱਤੀ ਗਈ ਤਾਂ ਜੋ ਉਹ ਸ਼ਹਿਰ ਵਿੱਚ ਘੁੰਮ ਕੇ ਸਬਜੀ ਵੇਚ ਸਕੇ ਜਿਸ ਨਾਲ ਉਸਦੀ ਵਿਕਰੀ ਵਿੱਚ ਵਾਧਾ ਹੋ ਸਕੇ ਅਤੇ ਪਰਿਵਾਰ ਦਾ ਪਾਲਣ ਪੋਸ਼ਣ ਅਤੇ ਉਸਦੇ ਛੋਟੇ ਬੱਚਿਆਂ ਦੀ ਪੜ੍ਹਾਈ ਵਧੀਆ ਢੰਗ ਨਾਲ ਹੋ ਸਕੇ। ਇਸ ਮੌਕੇ ਸੰਸਥਾ ਦੇ ਮਾਸਟਰ ਅਮਰੀਕ ਸਿੰਘ ਨੇ ਉਸ ਪਰਿਵਾਰ ਨੂੰ ਉਨ੍ਹਾਂ ਦੇ ਬਚਿੱਆਂ ਦੀ ਪੜ੍ਹਾਈ ਲਈ ਹੋਰ ਵੀ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਕੁਮਾਰ ਗੌਰਵ, ਮਾਸਟਰ ਅਮਰੀਕ ਸਿੰਘ, ਹਿਨਾ ਅਸਪਾਲ, ਹਨੀਸ਼ ਧੀਮਾਨ, ਸ. ਭੁਪਿੰਦਰ ਸਿੰਘ ਮਾਹੀ, ਅਮਿਤ ਸ਼ਰਮਾ, ਮੋਹਿਤ ਸੇਠ, ਦੀਪਕ ਸ਼ਰਮਾ, ਸੰਜੀਵ ਸ਼ਰਮਾ ਆਦਿ ਹਾਜ਼ਰ ਸਨ।



## ਜੱਸਾ ਸਿੰਘ ਮਾਛੀਵਾੜਾ ਆਪਣੇ ਸਾਥੀਆਂ ਨਾਲ ਦਿਲ੍ਹੀ ਧਰਨੇ ਲਈ ਰਵਾਨਾ !

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਪਿਛਲੇ ਦਿਨੀਂ ਤੋ ਕਿਸਾਨੀ ਅੰਦੋਲਨ ਲਗਾਤਾਰ ਜਾਰੀ ਹੈ। ਇਸ ਨੂੰ ਹੋਰ ਤਿੱਖਾ ਕਰਨ ਲਈ ਹਰੇਕ ਵਿਅਕਤੀ ਵਲੋਂ ਆਪਣੀ ਹੈਸੀਅਤ ਅਨੁਸਾਰ ਹਰੇਕ ਤਰ੍ਹਾਂ ਦਾ ਯੋਗਦਾਨ ਪਾਇਆ ਜਾ ਰਿਹਾ ਹੈ। ਹਰ ਪਿੰਡ ਵਲੋਂ ਉਥੇ ਜਾ ਕੇ ਹਾਜ਼ਰੀ ਲਗਵਾਈ ਜਾ ਰਹੀ ਹੈ ਜਿਸ ਦੇ ਤਹਿਤ ਭਾਰਤੀ ਕਿਸਾਨ ਯੂਨਿਯਨ ਪੰਜਾਬ ਦੀ ਇਕਾਈ ਫਿਰੋਜਪੁਰ ਦੇ ਮੀਤ ਪ੍ਰਧਾਨ ਜੱਸਾ ਸਿੰਘ ਮਾਛੀਵਾੜਾ ਦੀ ਅਗਵਾਈ ਹੇਠ ਦਿਲ੍ਹੀ ਜਾਣ ਲਈ ਕਿਸਾਨਾਂ ਨਾਲ ਭਰੀ ਬਸ ਨੂੰ ਰਵਾਨਾ ਕੀਤਾ ਗਿਆ ! ਇਸ ਮੋਕੇ ਤੇ ਦਰਸ਼ਨ ਸਿੰਘ ਭਾਲਾ ਜਿਲਾ ਜਰਨਲ ਸਕਤਰ,ਜਗਜੀਤ ਸਿੰਘ ਜੱਗਾ ਕਾਦਾ ਬੋਹਰਾ ਬਲਾਕ ਪ੍ਰਧਾਨ ਫਿਰੋਜਪੁਰ ਕੈਂਟ,ਅਵਤਾਰ ਸਿੰਘ ਸ਼ੇਰਖਾਂ ਬਲਾਕ ਪ੍ਰਧਾਨ ਸ਼ਹਿਰੀ ਤੇ ਧਰਮਪਾਲ ਜਰਨਲ ਸਕਤਰ ਆਦਿ ਹਾਜ਼ਿਰ ਰਹੇ !




# ਲਕਸ਼ਮੀ ਨਾਰਾਇਣ ਮੰਦਿਰ ਹਾਜੀਪੁਰ ਵਿੱਚ ਲੱਗਿਆ 98ਵਾਂ ਖੂਨ ਦਾਨ ਕੈਂਪ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਨਰਿੰਦਰ ਕੁਮਾਰ ਬਲਾਕ ਪ੍ਰਧਾਨ ਆਈ ਟੀ ਵਿੰਗ ਦੇ ਸਹਿਯੋਗ ਦੇ ਨਾਲ ਲਗਾਇਆ ਗਿਆ ਜਿਸ ਵਿਚ 30 ਯੂਨਿਟ ਬਲੱਡ ਓਹਰੀ ਬਲੱਡ ਬੈਂਕ ਜਲੰਧਰ ਵਲੋਂ ਇਕੱਠਾ ਕੀਤਾ ਗਿਆ। ਇਸ ਕੈਂਪ ਦਾ ਉਦਘਾਟਣ ਪ੍ਰੋ. ਜੀ ਐਸ ਮੁਲਤਾਨੀ (ਆਮ ਆਦਮੀ ਪਾਰਟੀ) ਵਲੋਂ ਕੀਤਾ ਗਿਆ ਅਤੇ ਕਰਮਵੀਰ ਘੁੰਮਣ ਪ੍ਰਧਾਨ ਯੂਥ ਵਿੰਗ ਹੁਸ਼ਿਆਰਪੁਰ, ਨਿਰਮਲ ਸਿੰਘ (ਇੰਟਰਨੈਸ਼ਨਲ ਰੈਸਲਰ) ਪ੍ਰਧਾਨ ਸਪੋਰਟਸ ਵਿੰਗ ਹੁਸ਼ਿਆਰਪੁਰ ਅਤੇ ਰੇਖਾ ਮਨੀ ਸ਼ਰਮਾ(ਪਠਾਨਕੋਟ) ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਕੈਂਪ ਵਿਚ ਨੌਜਵਾਨਾਂ ਵਲੋਂ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਗਿਆ। ਸੁਸਾਇਟੀ ਮੈਂਬਰਾਂ ਨੇ ਕਿਹਾ ਕਿ ਇਸ ਮਹਾਂਮਾਰੀ ਦੇ ਸਮੇਂ ਹਰ ਤੰਦਰੁਸਤ ਵਿਅਕਤੀ ਨੂੰ ਖੂਨਦਾਨ ਕਰਨਾ ਚਾਹੀਦਾ ਹੈ ਤਾਂ ਜੋ ਬਲੱਡ ਬੈਂਕਾਂ ਚ ਚੱਲ ਰਹੀ ਕਮੀਂ ਨੂੰ ਦੂਰ ਕੀਤਾ ਜਾ ਸਕੇ। ਇਸ ਮੌਕੇ ਤੇ ਪੁਸ਼ਪਿੰਦਰ ਸਿੰਘ ਨੇ ਆਏ ਹੋਏ ਸਾਰੇ ਡੋਨਰਾਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੁਸਾਇਟੀ ਮੈਬਰ ਬਲਜਿੰਦਰ ਲਾਲੀਆ,



ਗਗਨ ਰਾਣਾ, ਅੰਕੁਸ਼ ਸੂਦ, ਗੁਰੂ, ਸਿਮਰਨ ਸੰਧੂ ਅਤੇ ਹਾਜੀਪੁਰ ਯੂਨਿਟ ਤੋਂ ਪੰਮਾ, ਹਿਮਾਂਸ਼ੂ, ਅਮਿਤ ਰਾਣਾ, ਪਾਰਸ, ਹਰਦੀਪ ਆਦਿ ਮੌਜੂਦ ਸਨ ।

# ਆਪ ਦੇ ਜ਼ਿਲਾ ਸਪੋਰਟਸ ਵਿੰਗ ਦੇ ਪ੍ਰਧਾਨ ਇੰਟਰਨੈਸ਼ਨਲ ਰੇਸਲਰ ਨਿਰਮਲ ਸਿੰਘ ਪੱਤਰਕਾਰ ਬਲਦੇਵ ਰਾਜ ਟੋਹਲੂ ਦੇ ਘਰ ਹਾਲ ਚਾਲ ਪੁੱਛਣ ਪੁੱਜੇ

**ਮੁਕੇਰੀਆਂ, ਤਲਵਾੜਾ (ਜਸਵੀਰ ਸਿੰਘ ਪੁਰੇਵਾਲ)** ਇੰਟਰਨੈਸ਼ਨਲ ਰੇਸਲਰ ਅਤੇ ਆਮ ਆਦਮੀ ਪਾਰਟੀ ਹੁਸ਼ਿਆਰ-ਪੁਰ ਦੇ ਸਪੋਰਟਸ ਵਿੰਗ ਦੇ ਜ਼ਿਲਾਂ ਪ੍ਰਧਾਨ ਨਿਰਮਲ ਸਿੰਘ ਆਪਣੇ ਸਾਥੀਆਂ ਸਮੇਤ ਪਿਛਲੇ ਦਿਨੀ ਧਰਮ ਪੁਰ ਵਿੱਚ ਲੱਕੜ ਮਾਫੀਆ ਦੇ ਖੇਤਰ ਵਿੱਚ ਕਵਰੇਜ ਕਰਨ ਗਏ ਪੱਤਰਕਾਰ ਬਲਦੇਵ ਰਾਜ ਟੋਹਲੁ ਤੇ ਓਥੋਂ ਦੇ ਲੱਕੜ ਮਾਫੀਆ ਵਲੋਂ ਕੀਤੇ ਜਾਣ ਲੇਵਾ ਹਮਲੇ ਤੋਂ ਬਾਦ ਉਹਨਾਂ ਦਾ ਹਾਲ ਚਾਲ ਪੁੱਛਣ ਪੁੱਜੇ ਅਤੇ ਉਹਨਾਂ ਨਾਲ ਬਲਦੇਵ ਰਾਜ ਟੋਹਲੁ ਨੇ ਆਪਣੀ ਸਾਰੀ ਹੱਡਬੀਤੀ ਸੁਣਾਈ। ਜਿਸ ਤੋਂ ਬਾਦ ਇੰਟਰਨੈਸ਼ਨਲ ਰੇਸਲਰ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਨਿਰਮਲ ਸਿੰਘ ਨੇ ਕਿਹਾ ਕਿ ਸਾਡੀ ਪਾਰਟੀ ਅਤੇ ਮੈਂ ਖੁਦ ਤੁਹਾਡੇ ਨਾਲ ਹਰ ਵਕਤ ਖੜਾ ਹੈ ਅਤੇ ਤੁਹਾਡੇ ਨਾਲ ਕਿਸੇ ਵੀ ਪ੍ਰਕਾਰ ਦਾ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਆਪ ਨੂੰ ਇਨਸਾਫ ਦਿਵਾਇਆ ਜਾਵੇਗਾ। ਇਸ ਮੌਕੇ ਉਹਨਾਂ ਨਾਲ ਰਾਜ ਕੁਮਾਰ ਬੱਧਣ ,ਰਾਹੁਲ ਬੱਧਣ, ਜਤਿੰਦਰ ਕੁਮਾਰ ,ਅਜੇ ਸ਼ਰਮਾ, ਸਕਤੀ ਸਿੰਘ,ਰਾਮ ਸਿੰਘ ਅਤੇ ਸੁਸ਼ਾਂਤ ਆਦਿ ਹਾਜਿਰ ਸਨ।




# ਬਲੈਕ ਫੰਗਸ ,ਲਾ ਇਲਾਜ, ਬਿਮਾਰੀ ਨਹੀਂ

## ਬਲੈਕ ਫੰਗਸ ਇਲਾਜ ਅਧੀਨ, ਜੇਕਰ ਸਮੇਂ 'ਤੇ ਕਰਵਾਇਆ ਜਾਵੇ ਇਸਦਾ ਇਲਾਜ : ਡਾ. ਰਣਜੀਤ ਸਿੰਘ

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਜ਼ਿਲ੍ਹਾ ਹੁਸ਼ਿਆਰਪੁਰ ਦੇ ਸਿਵਲ ਸਰਜਨ ਡਾ. ਰਣਜੀਤ ਸਿੰਘ ਨੇ ਦੱਸਿਆ ਕਿ ਮਿਊਕੋਮਿਰਕੋਸਿਸ ਜਿਨ੍ਹਾਂ ਨੂੰ ਆਮ ਤੌਰ 'ਤੇ ਬਲੈਕ ਫੰਗਸ ਕਿਹਾ ਜਾਂਦਾ ਹੈ, ਇਹ ਇਕ ਫੰਗਲ ਇਨਫੈਕਸ਼ਨ ਹੁੰਦੀ ਹੈ ਅਤੇ ਇਸ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਜੇਕਰ ਸਮੇਂ 'ਤੇ ਮਰੀਜ ਡਾਕਟਰ ਨਾਲ ਸੰਪਰਕ ਕਰੇ ਤਾਂ ਇਸ ਬੀਮਾਰੀ ਦਾ ਇਲਾਜ ਸੰਭਵ ਹੈ। ਉਨ੍ਹਾਂ ਕਿਹਾ ਕਿ ਇਹ ਬੀਮਾਰੀ ਉਨ੍ਹਾਂ ਮਰੀਜਾਂ ਨੂੰ ਵਧੇਰੇ ਪ੍ਰਭਾਵਿਤ ਕਰਦੀ ਹੈ ਜਿਨ੍ਹਾਂ ਦੀ ਰੋਗ ਲੜਨ ਦੀ ਸ਼ਕਤੀ ਘੱਟ ਹੁੰਦੀ ਹੈ, ਇਸ ਵਿੱਚ ਕੈਂਸਰ, ਡਾਈਬਿਟਜ, ਕੋਵਿਡ-19 ਅਤੇ ਹੋਰ ਗੰਭੀਰ ਬੀਮਾਰੀਆਂ ਵਾਲੇ ਮਰੀਜਾਂ ਹੁੰਦੇ ਹਨ। ਉਨ੍ਹਾਂ ਕਿਹਾ ਕਿ ਕੁਝ ਸਾਵਧਾਨੀਆਂ ਅਪਨਾਉਣ ਕਰਕੇ ਇਸ ਬੀਮਾਰੀ ਤੋਂ ਬਚਿਆ ਜਾ ਸਕਦਾ ਹੈ। ਸਿਵਲ ਸਰਜਨ ਨੇ ਲੋਕਾਂ ਨੂੰ ਅਫਵਾਹਾਂ ਤੋਂ ਬਚਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਜੇਕਰ ਕਿਸੇ ਦਾ ਨੱਕ ਬੰਦ ਹੈ ਅਤੇ ਨੱਕ ਵਿੱਚ ਦਰਦ ਹੁੰਦਾ ਹੈ, ਚਿਹਰੇ ਦੇ ਕਿਸੇ ਹਿੱਸੇ ਵਿੱਚ ਦਰਦ ਹੈ, ਨੱਕ ਦੇ ਆਸ-ਪਾਸ ਕਾਲੇ ਧੱਬੇ ਹੁੰਦੇ ਹਨ, ਸਿਰ ਦਰਦ ਬਹੁਤ ਜ਼ਿਆਦਾ ਹੁੰਦਾ ਹੈ ਤਾਂ ਤੁਰੰਤ ਡਾਕਟਰ ਤੋਂ ਆਪਣਾ ਚੈਕਅਪ ਕਰਵਾਉਣ ਤਾਂ ਜੋ ਸਮੇਂ 'ਤੇ ਇਸ ਦਾ ਇਲਾਜ ਹੋ ਸਕੇ। ਉਨ੍ਹਾਂ ਕਿਹਾ ਕਿ ਕੋਵਿਡ ਮਰੀਜਾਂ ਖਾਸ ਕਰਕੇ ਉਨ੍ਹਾਂ ਮਰੀਜਾਂ ਨੂੰ ਜਿਨ੍ਹਾਂ ਨੂੰ ਡਾਇਬਿਟਜ਼ ਹੁੰਦੀ ਹੈ ਜਾਂ ਜਿਨ੍ਹਾਂ ਨੂੰ ਜਿਆਦਾ ਸਟੇਰੋਡ ਦੇਣੇ ਪੈਂਦੇ ਹਨ, ਉਨ੍ਹਾਂ ਵਿੱਚ ਇਹ ਬੀਮਾਰੀ ਪਾਈ ਜਾ ਰਹੀ ਹੈ ਕਿਉਂਕਿ ਉਨ੍ਹਾਂ ਦੀ ਬੀਮਾਰੀਆਂ ਨਾਲ ਲੜਨ ਦੀ ਸ਼ਕਤੀ ਘੱਟ ਹੋ ਜਾਂਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਸੈਲਫ ਮੈਡੀਕੇਸ਼ਨ ਨਾ ਕਰਨ ਅਤੇ ਨਾ ਹੀ ਆਪਣੇ ਆਪ ਸਟੇਰੋਡ ਲੈਣ। ਉਨ੍ਹਾਂ ਕਿਹਾ ਕਿ ਜੇਕਰ ਕੋਈ ਮਰੀਜ ਡਾਕਟਰ ਪਾਸ ਜਾਂਦਾ ਹੈ ਅਤੇ ਉਸ ਨੂੰ ਸੂਗਰ ਦੀ ਬੀਮਾਰੀ ਹੈ ਤਾਂ ਉਹ ਡਾਕਟਰ ਨੂੰ ਆਪਣੀ ਪੂਰੀ ਹਿਸਟਰੀ ਦੱਸਣ। ਉਨ੍ਹਾਂ ਕਿਹਾ ਕਿ ਸੂਗਰ ਦਾ ਲੈਵਲ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੈ, ਇਸ ਲਈ ਡਾਕਟਰ ਆਪਣੇ ਹਿਸਾਬ ਨਾਲ ਮਰੀਜ ਨੂੰ ਦਵਾਈ ਦਿੰਦਾ ਹੈ। ਡਾ. ਰਣਜੀਤ ਸਿੰਘ ਨੇ ਦੱਸਿਆ ਕਿ ਕੋਵਿਡ ਮਰੀਜ ਜਦ ਠੀਕ ਹੋ ਕੇ ਘਰ ਚਲੇ ਜਾਂਦੇ ਹਨ ਤਾਂ ਉਹ ਗਾਰਡਨਿੰਗ ਕਰਦੇ ਸਮੇਂ ਮਾਸਕ ਅਤੇ ਦਸਤਾਨੇ ਪਹਿਨਣ ਅਤੇ ਰੂਟੀਨ ਵਿੱਚ ਸਾਫ-ਸਫ਼ਾਈ ਦਾ ਪੂਰਾ ਧਿਆਨ ਰੱਖਣ। ਇਸ ਤੋਂ ਇਲਾਵਾ ਆਪਣਾ ਸੂਗਰ ਲੈਵਲ ਮਾਨੀਟਰ ਕਰਦੇ ਰਹਿਣ ਅਤੇ ਸੜੇ ਹੋਏ ਜੈਵਿਕ ਪਦਾਰਥ ਜਿਵੇਂ ਬਰੈਡ, ਫ਼ਲ-ਸਬਜੀਆਂ, ਮਿੱਟੀ ਆਦਿ ਦੇ ਸੰਪਰਕ ਵਿੱਚ ਆਉਣ ਤੋਂ ਬਚਣ। ਉਨ੍ਹਾਂ ਕਿਹਾ ਕਿ ਸਭ ਤੋਂ ਜਰੂਰੀ ਗੱਲ ਇਹ ਹੈ ਕਿ ਜੇਕਰ ਕਿਸੇ ਵਿੱਚ ਇਸ ਬੀਮਾਰੀ ਨਾਲ ਸਬੰਧਤ ਲੱਛਣ ਦਿੱਸਣ ਤਾਂ ਉਹ ਤੁਰੰਤ ਡਾਕਟਰ ਨਾਲ ਸੰਪਰਕ ਕਰਨ।



## ਤਿੰਨ ਦਿਨਾਂ ਤੋਂ ਲਾਪਤਾ ਸੰਜੂ ਦੀ ਲਾਸ਼ ਪਾਵਰ ਹਾਊਸ ਨੰਬਰ ਤਿੰਨ ਦੇ ਗੇਟ ਤੋਂ ਮਿਲੀ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਹਾਜੀਪੁਰ ਦੇ ਸ਼ਿਵ ਕੁਮਾਰ ਉਰਫ ਸੰਜੂ ਉਮਰ 28 ਸਾਲ ਜੋ ਕਿ ਪਿਛਲੇ ਤਿੰਨ ਦਿਨਾਂ ਤੋਂ ਲਾਪਤਾ ਸੀ ਦੀ ਲਾਸ਼ ਅੱਜ ਹਾਈਡਲ ਪ੍ਰੋਜੈਕਟ ਦੇ ਪਾਵਰ ਹਾਉਸ ਨੰਬਰ ਤਿੰਨ ਤੋਂ ਬਰਾਮਦ ਕੀਤੇ ਜਾਣ ਦਾ ਸਮਾਚਾਰ ਮਿ-ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਸ਼ਿਵ ਕੁਮਾਰ ਸੁਰਫ ਸੰਜੂ ਪੁੱਤਰ ਰਮਨ ਕੁਮਾਰ ਵਾਸੀ ਹਾਜੀਪੁਰ ਕੌਮ ਬਾਲਮੀਕ ਜੋ ਕਿ ਪਿੱਛਲੇ ਤਿੰਨ ਦਿਨਾਂ ਤੋਂ ਲਾਪਤਾ ਸੀ ਅਤੇ ਉਸ ਦਾ ਮੋਟਰ ਸਾਈਕਲ ਪਾਵਰ ਹਾਉਸ ਨੰਬਰ 3 ਦੇ ਨੇੜੇ ਤੋਂ ਮਿਲਿਆ ਸੀ ਉਸ ਤੋਂ ਖਦਸਾ ਸੀ ਕਿ ਸ਼ਇਦ ਸੰਜੂ ਨੇ ਨਹਿਰ ਵਿੱਚ ਛਲਾਂਗ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ ।ਇਸ ਲਈ ਗੋਤਾਖਰਾ ਦੀ ਇਕ ਟੀਮ ਨੇ ਪਾਵਰ ਹਾਉਸ ਨੰਬਰ ਦੋ ਤੋਂ ਨਹਿਰ ਵਿੱਚ ਤਲਾਸ਼ ਕਰਨੀ ਸ਼ੁਰੂ ਕੀਤੀ ਹੋਈ ਸੀ ਕਿ ਅਚਾਨਕ ਖਬਰ ਮਿਲੀ ਕਿ ਪਾਵਰ ਹਾਉਸ ਨੰਬਰ ਤਿੰਨ ਦੇ ਗੇਟਾਂ ਵਿੱਚ ਇਕ ਲਾਸ ਮਿਲੀ ਹੈ ।ਜਦੋਂ ਸੰਜੂ ਦੇ ਪਰਿਵਾਰਕ ਮੈਂਬਰਾਂ ਨੇ ਜਾ ਕੇ ਵੇਖਿਆ ਤਾਂ ਉਹ ਲਾਸ਼ ਸੰਜੂ ਦੀ ਹੀ ਸੀ। ਹਾਜੀਪੁਰ ਪੁਲਿਸ ਦੀ ਟੀਮ ਜਿਸ ਦੀ ਅਗਵਾਈ ਐੱਸ ਐੱਚ ਓ ਲੋਮੇਸ਼ ਸ਼ਰਮਾ ਕਰ ਰਹੇ ਸਨ ਅਤੇ ਉਹਨਾਂ ਨਾਲ ਏ ਐੱਸ ਆਈ ਦਲਜੀਤ ਸਿੰਘ ਮੌਜੂਦ ਸਨ ਦੀ ਨਿਗਰਾਨੀ ਵਿੱਚ ਸ਼ਿਵ ਕੁਮਾਰ ਦੀ ਲਾਸ ਕਬਜੇ ਵਿੱਚ ਲੈ ਕੇ ਮੁਕੇਰੀਆਂ ਸ਼ਿਵਲ ਹਸਪਤਾਲ ਵਿਖੇ ਪੋਸਟਮਾਰਟਮ ਲਈ ਭੇਜ ਦਿੱਤੀ ਅਤੇ ਹਾਜੀਪੁਰ ਪੁਲਿਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# 40 ਪਰਿਵਾਰਾਂ ਨੇ ਫੜਿਆ ਆਮ ਆਦਮੀ ਪਾਰਟੀ ਦਾ ਪੱਲਾ



**ਫਿਰੋਜਪੁਰ (ਅਸ਼ੋਕ ਭਾਰਦਵਾਜ)** ਹਲਕਾ ਫਿਰੋਜਪੁਰ ਦਿਹਾਤੀ ਵਿੱਚ ਚੋਣ ਸਰਗਰਮੀਆਂ ਪੂਰੀਆਂ ਸਿਖਰ ਤੇ ਹਨ ਹਲਕਾ ਦਿਹਾਤੀ ਤੋਂ ਆਮ ਆਦਮੀ ਪਾਰਟੀ ਤੋਂ ਐਸ ਸੀ ਵਿੰਗ ਦੇ ਵਾਇਸ ਪ੍ਰਧਾਨ ਆਸੂ ਬੰਗੜ ਵਲੋਂ ਘਰ ਘਰ ਜਾ ਕੇ ਲੋਕਾਂ ਦੀਆਂ ਸਮਸਿਆਵਾਂ ਸੁਣੀਆਂ ਜਾ ਰਹੀਆਂ ਨੇ ਤੇ ਆਪ ਦੀ ਸਰਕਾਰ ਬਣਨ ਤੇ ਉਹਨਾਂ ਨੂੰ ਪਹਿਲ ਦੇ ਆਧਾਰ ਤੇ ਜਲਦੀ ਹੀ ਹੱਲ ਕਰਵਾਉਣ ਦਾ ਵਾਅਦਾ ਕੀਤਾ । ਇਸ ਸਮੇ ਤੇ ਅਕਾਲੀ ਤੇ ਕਾਂਗਰਸ ਪਾਰਟੀ ਤੋਂ ਖਫ਼ਾ ਹੋਏ ਪਿੰਡ ਕਾਕੂ ਵਾਲਾ ਦੇ ਤਕਰੀਬਨ 40 ਪਰਿਵਾਰਾ ਨੇ ਆਸੂ ਬੰਗੜ ਜੀ ਦੀ ਮੋਜੂਦਗੀ ਵਿੱਚ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ। ਇਸ ਮੋਕੇ ਬਲਾਕ ਪ੍ਰਧਾਨ ਗੁਰਨੇਕ ਸਿੰਘ ,ਸਰਕਲ ਪ੍ਰਧਾਨ ਸਤਨਾਮ ਸਿੰਘ ਕਾਦਾ ਬੋੜਾ ,ਕਸ਼ਮੀਰ ਸਿੰਘ ਲੋਹਗੜ , ਅਮਰੀਕ ਸਿੰਘ ਅਨਾਰਕਲੀ , ਗੁਰਪ੍ਰੀਤ ਸਿੰਘ ਟਿੱਬੀ ,ਇਕਬਾਲ ਸਿੰਘ ਅਤੇ ਅਮਨਦੀਪ ਸਿੰਘ ਧਾਲੀਵਾਲ (ਨਿੱਜੀ ਸਕੱਤਰ ਆਸੂ ਬੰਗੜ) ਵਿਸ਼ੇਸ਼ ਤੌਰ ਤੇ ਹਾਜਰ ਰਹੇ। ਇਸ ਸਮੇ ਪਿੰਡ ਕਾਕੂ ਵਾਲਾ ਵਿਖੇ ਤਰਸੇਮ ਸਿੰਘ ਦੇ ਗ੍ਰਹਿ ਵਿਖੇ ਆਮ ਆਦਮੀ ਪਾਰਟੀ ਦੀ ਮੀਟਿੰਗ । ਸ਼ਾਮਿਲ ਹੋਣ ਵਾਲੇ ਪਰਿਵਾਰ ਜੱਗਾ ਸਿੰਘ , ਕਾਕੂ ਸਿੰਘ ,ਸ਼ੀਰਾ ,ਬਲਜੀਤ ਸਿੰਘ ,ਤਰਸੇਮ ਸਿੰਘ , ਜੀਤਾ ਸਿੰਘ , ਚੰਨਾ ਸਿੰਘ ,ਮੋਹਣ ਸਿੰਘ , ਮੰਗਤ ਸਿੰਘ , ਨਾਨਕ ਸਿੰਘ , ਦੀਪਾ ਸਿੰਘ , ਕਿੰਦਰ ਸਿੰਘ , ਤਰਸੇਮ ਸਿੰਘ ,ਗੁਰਨਾਮ ਸਿੰਘ ,ਗੁਰਨਿਸ਼ਾਨ ਸਿੰਘ ,ਪ੍ਰੀਤਮ ਸਿੰਘ ,ਅਵਤਾਰ ਸਿੰਘ ,ਸੋਨੂੰ ਸਿੰਘ ,ਮੋਹਨਾ ਸਿੰਘ ,ਰਾਜਵਿੰਦਰ ਕੌਰ , ਕਿਰਨਾ ,ਬਿੰਦਰ ਕੌਰ , ਜਿੰਦਰ ਕੌਰ ,ਮੀਤੋ ਕੌਰ ,ਸੁਰਜੀਤ ਕੌਰ , ਅਮਰਜੀਤ ਕੌਰ , ਸਤਿਨਾਮ ਕੌਰ , ਰਾਜਵਿੰਦਰ ਕੌਰ , ਨਿੰਮੋ , ਗੁਰਮੀਤ ਕੌਰ , ਗੁਰਵਿੰਦਰ ਕੌਰ ,ਨਰਿੰਜਣ ਕੌਰ , ਦੀਪੋ , ਛਿੰਦਰ ਕੌਰ ,ਰੁਕਮਣ ਕੌਰ ,ਮਨਜੀਤ ਕੌਰ , ਕੁਲਵੰਤ ਕੌਰ ,ਅਮਰਜੀਤ ਕੌਰ ਆਦਿ ਸ਼ਾਮਿਲ ਹੋਏ ! ਸ਼ਾਮਿਲ ਹੋਏ ਪਰਿਵਾਰਾਂ ਨੂੰ ਆਸ਼ੂ ਬੰਗੜ ਵਲੋਂ ਗੱਲ ਵਿੱਚ ਸਿਰੋਪੇ ਪਾ ਕੇ ਜੀ ਆਇਆ ਕਿਹਾ ਗਿਆ ਤੇ ਆਮ ਆਦਮੀ ਪਾਰਟੀ ਵਲੋਂ ਬਣਦਾ ਮਾਣ ਸਨਮਾਨ ਦਿੱਤਾ ਗਿਆ ਤੇ ਸੁੱਖ ਦੁੱਖ ਵਿੱਚ ਹਮੇਸ਼ਾ ਉਹਨਾਂ ਦੇ ਨਾਲ ਰਹਿਣ ਲਈ ਕਿਹਾ।

# ਸੰਤ ਨਿਰੰਕਾਰੀ ਮਿਸ਼ਨ ਵਲੋਂ ਹਿਮਾਚਲ ਵਿੱਚ 25 ਬੈਡਾਂ ਦੇ ਕੋਵਿਡ ਕੇਅਰ ਸੈਂਟਰ ਤੇ 50 ਆਕਸੀਜਨ ਕੰਸੰਟਰੇਟਰ ਅਤੇ 500 ਆਕਸੀਮੀਟਰ ਦਾ ਸਹਿਯੋਗ

**ਹੁਸ਼ਿਆਰਪੁਰ।** ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਕੇ ਅਸ਼ੀਰਵਾਦ ਨਾਲ ਸੰਤ ਨਿਰੰਕਾਰੀ ਮਿਸ਼ਨ ਨੇ ਹਿਮਾਚਲ ਦੇ ਦੋ ਸਤਿਸੰਗ ਭਵਨ ਕਾਂਗੜਾ ਅਤੇ ਨਾਲਾਗੜ ਨੂੰ 25 ਬੈਡਾਂ ਦੇ 'ਕੋਵਿਡ ਕੇਅਰ ਸੈਂਟਰ' ਦੇ ਰੂਪ ਵਿੱਚ ਪੂਰੇ ਇੰਫਰਾਸਟਰੱਕਚਰ ਦੇ ਨਾਲ ਹਿਮਾਚਲ ਦੇ ਮਾਣਯੋਗ ਮੁੱਖ ਮੰਤਰੀ ਸ਼੍ਰੀ ਜੈ ਰਾਮ ਠਾਕੁਰ ਜੀ ਨੂੰ ਸੰਤ ਨਿਰੰਕਾਰੀ ਮਿਸ਼ਨ ਦੇ ਸਨਮਾਨਯੋਗ ਸੁਖਦੇਵ ਸਿੰਘ ਨਿਰੰਕਾਰੀ ਜੀ ( ਚੇਅਰਮੈਨ, ਸੀ . ਪੀ .ਏ .ਬੀ) ਆਪਣੇ ਸਾਥੀਆਂ ਸਹਿਤ ਅਤੇ ਸ਼ਿਮਲਾ ਦੇ ਕੈਪਟਨ ਐਨ .ਪੀ .ਐੱਸ . ਭੁੱਲਰ ਜੀ ਨਾਲ ਗੱਲ ਬਾਤ ਦੇ ਉਪਰੰਤ ਸਰਕਾਰ ਨੂੰ ਪ੍ਰਦਾਨ ਕੀਤਾ ਗਿਆ ।

ਸੰਤ ਨਿਰੰਕਾਰੀ ਮਿਸ਼ਨ ਹਮੇਸ਼ਾਂ ਹੀ ਮਾਨਵਤਾ ਦੀ ਸੇਵਾ ਵਿੱਚ ਅੱਗੇ ਰਿਹਾ ਹੈ । ਕੋਰੋਨਾ ਮਹਾਮਾਰੀ ਦੇ ਦੌਰਾਨ ਕਰੋਨਾ ਮਰੀਜਾਂ ਦੇ ਇਲਾਜ ਲਈ ਮਿਸ਼ਨ ਦੁਆਰਾ ਦੇਸ਼ ਭਰ ਦੇ ਵਧੇਰੇ ਸਤਿਸੰਗ ਭਵਨਾਂ ਨੂੰ 'ਕੋਵਿਡ ਕੇਅਰ ਸੈਂਟਰ' ਦੇ ਰੂਪ ਵਿੱਚ ਪਰਿਵਰਤਿਤ ਕਰਕੇ , ਸਰਕਾਰ ਨੂੰ ਉਪਲੱਬਧ ਕਰਾਇਆ ਜਾ ਰਿਹਾ ਹੈ ਜਿਨ੍ਹਾਂ ਵਿੱਚ ਮਰੀਜਾਂ ਦੇ ਖਾਣ ਪੀਣ ਦੀ ਉਚਿਤ ਪ੍ਰਬੰਧ ਵਿਵਸਥਾ ਮਿਸ਼ਨ ਦੁਆਰਾ ਅਤੇ ਮੈਡੀਕਲ ਸੁਵਿਧਾਵਾਂ ਜਿਵੇਂ ਡਾਕਟਰ , ਨਰਸ , ਦਵਾਈਆਂ ਆਦਿ ਸਰਕਾਰ ਦੁਆਰਾ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ । ਇਸੇ ਲੜੀ ਵਿੱਚ ਦਿੱਲੀ ਦੇ ਬੁਰਾੜੀ ਰੋਡ ਸਥਿਤ ਗਰਾਊਂਡ ਨੰ 8 ਵਿੱਚ 1000 ਬੈਡਾਂ ਦੇ ਕੋਵਿਡ ਕੇਅਰ ਸੈਂਟਰ ਦੀ ਉਸਾਰੀ ਕੀਤੀ ਗਈ । ਇਸਦੇ ਇਲਾਵਾ ਪੰਚਕੂਲਾ , ਪੁਣੇ , ਪਾਨੀਪਤ , ਯਮੁਨਾਨਗਰ , ਊਧਮਪੁਰ , ਮੁੰਬਈ ਆਦਿ ਸਤਿਸੰਗ ਭਵਨਾਂ ਨੂੰ ਪੂਰੀ ਸਹੂਲਤ ਦੇ ਨਾਲ ਪਹਿਲਾਂ ਹੀ 'ਕੋਵਿਡ ਕੇਅਰ ਸੈਂਟਰ' ਦੇ ਰੂਪ ਵਿੱਚ ਸਰਕਾਰ ਨੂੰ ਪ੍ਰਦਾਨ ਕੀਤਾ ਗਿਆ ਹੈ ।

ਇਸਦੇ ਇਲਾਵਾ ਮਾਣਯੋਗ ਮੁੱਖਮੰਤਰੀ ਜੀ ਦੁਆਰਾ ਆਕਸੀਜਨ ਕੰਸੰਟਰੇ-ਟਰ ਅਤੇ ਆਕਸੀਮੀਟਰ ਦੀ ਸਹਾਇਤਾ ਮੰਗੀ ਗਈ । ਜਿਸਦੇ ਉਪਰੰਤ ਨਿਰੰਕਾਰੀ ਮਿਸ਼ਨ ਦੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਅਸ਼ੀਰਵਾਦ ਦੁਆਰਾ ਹਿਮਾਚਲ ਸਰਕਾਰ ਨੂੰ 50 ਆਕਸੀਜਨ ਕੰਸੰਟਰੇਟਰ ਅਤੇ 500 ਆਕਸੀਮੀਟਰ ਕੋਰੋਨਾ ਮਹਾਮਾਰੀ ਨਾਲ ਜੂਝ ਰਹੇ ਮਰੀਜਾਂ ਲਈ ਪ੍ਰਦਾਨ ਕੀਤੇ ਗਏ । ਮਾਨਵਤਾ ਦੀ ਭਲਾਈ ਹੇਤੁ ਕੀਤੀਆਂ ਗਈਆਂ ਇਹ ਸਾਰੀਆਂ ਸੇਵਾਵਾਂ ਲਈ ਸਰਕਾਰ ਦੁਆਰਾ ਸਤਿਗੁਰ ਮਾਤਾ ਸੁਦੀਕਸ਼ਾ ਜੀ ਮਹਾਰਾਜ ਦਾ ਹਿਰਦੇ ਨਾਲ ਧੰਨਵਾਦ ਵੀ ਕੀਤਾ ਗਿਆ ।ਨਾਲ ਹੀ ਨਿਰੰਕਾਰੀ ਮਿਸ਼ਨ ਦੁਆਰਾ ਟੀਕਾਕਰਣ ਕੈਂਪ ਦਾ ਪ੍ਰਬੰਧ ਵੀ ਕੀਤਾ ਗਿਆ । ਜਿਸਦੇ ਅਨੁਸਾਰ ਭਾਰਤ ਦੇ ਅਣਗਿਣਤ ਸਤਿਸੰਗ ਭਵਨ ਕੋਵਿਡ - 19 ਟੀਕਾਕਰਣ ਕੈਂਪ ਵਿੱਚ ਪਰਿਵਰਤਿਤ ਹੋ ਚੁੱਕੇ ਹਨ । ਜਿਸਦਾ ਲਾਭ ਜਿਆਦਾ ਤੋਂ ਜਿਆਦਾ ਲੋਕਾਂ ਦੁਆਰਾ ਲਿਆ ਜਾ ਰਿਹਾ ਹੈ । ਇਸਦੇ ਇਲਾਵਾ ਸੰਤ ਨਿਰੰਕਾਰੀ ਮਿਸ਼ਨ ਦੇ ਕਈ ਸਤਿਸੰਗ ਭਵਨ ਕਾਫ਼ੀ ਸਮਾਂ ਪਹਿਲਾਂ ਤੋਂ ਹੀ ਕਵਾਰੰਟਾਇਨ ਸੈਂਟਰ ਦੇ ਰੂਪ ਵਿੱਚ ਪ੍ਰਸ਼ਾਸਨ ਨੂੰ ਉਪਲੱਬਧ ਕਾਰਾਏ ਜਾ ਚੁੱਕੇ ਹਨ । ਜ਼ਿਕਰਯੋਗ ਹੈ ਕਿ ਕੋਵਿਡ - 19 ਦੇ ਸ਼ੁਰੂ ਤੋਂ ਹੀ ਸੰਤ ਨਿਰੰਕਾਰੀ ਮਿਸ਼ਨ ਦੁਆਰਾ ਰਾਸ਼ਨ , ਲੰਗਰ ਤੋਂ ਲੈ ਕੇ ਸਰਕਾਰ ਨੂੰ ਮਾਸਕ ਵੰਡ , ਸੇਨੇਟਾਇਜੇਸ਼ਨ ਆਦਿ ਸਾਧਨ ਉਪਲੱਬਧ ਕਰਾਏ ਗਏ ਅਤੇ ਦੇਸ਼ਭਰ ਵਿੱਚ ਖੂਨਦਾਨ ਕੈਂਪਾਂ ਦਾ ਆਯੋਜਨ ਵੀ ਕੀਤਾ ਜਾ ਰਿਹਾ ਹੈ । ਇਹ ਸਾਰੀਆਂ ਗਤੀਵਿਧੀਆਂ ਮਿਸ਼ਨ ਦੀ ਲੋਕ ਕਲਿਆਣ ਦੀ ਭਾਵਨਾ ਨੂੰ ਦਰਸਾਉਦੀਂ ਹੈ ਅਤੇ ਇਹ ਸਾਰੀਆਂ ਸੇਵਾਵਾਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਅਸ਼ੀਰਵਾਦ ਨਾਲ ਲਗਾਤਾਰ ਜਾਰੀ ਹਨ ।



# 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਅਹਿਮ ਖਬਰ : 3 ਚੋਣਵੇਂ ਵਿਸ਼ਿਆਂ 'ਤੇ ਹੋ ਸਕਦੀ ਹੈ ਪ੍ਰੀਖਿਆ

**ਚੰਡੀਗੜ (ਦੀਪਕ ਸ਼ਰਮਾ)** 12ਵੀਂ ਕਲਾਸ ਦੀ ਬੋਰਡ ਪ੍ਰੀਖਿਆ ਨੂੰ ਲੈ ਕੇ ਸਿੱਖਿਆ ਮੰਤਰੀ ਵਿਜੇ ਇੰਦਰ ਸਿੰਗਲਾ ਵੱਲੋਂ ਕੇਂਦਰੀ ਮੰਤਰੀਆਂ ਨਾਲ ਬੈਠਕ ਵਿਚ ਕੀਤੀ ਗਈ ਗੱਲਬਾਤ ਤੋਂ ਬਾਅਦ ਸੰਭਾਵਨਾਵਾਂ ਵੀ ਪ੍ਰਬਲ ਹੋ ਗਈਆਂ ਹਨ ਕਿ ਪੰਜਾਬ ਸਕੂਲ ਸਿੱਖਿਆ ਬੋਰਡ (ਪੀ. ਐੱਸ. ਈ. ਬੀ.) ਦੀਆਂ 12ਵੀਂ ਦੀਆਂ ਪ੍ਰੀਖਿਆਵਾਂ ਆਯੋਜਿਤ ਕਰ ਸਕਦਾ ਹੈ। ਭਾਵੇਂ ਇਸ ਸਬੰਧ 'ਚ ਹੁਣ ਕੋਈ ਅਧਿਕਾਰਕ ਫੈਸਲਾ ਨਹੀਂ ਹੋਇਆ ਹੈ ਪਰ ਸਿੰਗਲਾ ਨੇ ਕੇਂਦਰੀ ਮੰਤਰੀਆਂ ਨੂੰ ਸੁਝਾਅ ਦਿੱਤਾ ਹੈ ਕਿ ਕੇਂਦਰ ਸਰਕਾਰ ਨੂੰ ਸਿਰਫ 3 ਚੁਨਿੰਦਾ ਵਿਸ਼ਿਆਂ ਦੀ ਹੀ ਪ੍ਰੀਖਿਆ ਕਰਵਾਉਣੀ ਚਾਹੀਦੀ ਹੈ, ਜਿਸ ਨਾਲ ਕੋਵਿਡ-19 ਪ੍ਰੋਟੋਕਾਲ ਦੇ ਨਾਲ-ਨਾਲ ਸੋਸ਼ਲ ਡਿਸਟੈਂਸਿੰਗ ਦੀ ਚੰਗੀ ਤਰਾਂ ਪਾਲਣਾ ਹੋ ਸਕੇਗੀ। ਇਸ ਰੁਖ ਤੋਂ ਲਗਭਗ ਸਾਫ ਹੈ ਕਿ ਜੇਕਰ ਸੀ. ਬੀ. ਐੱਸ. ਈ. ਅਤੇ ਆਈ. ਸੀ. ਐੱਸ. ਈ. ਬੋਰਡ ਦੇ 3 ਚੁਨਿੰਦਾ ਵਿਸ਼ਿਆਂ ਦੀ ਪ੍ਰੀਖਿਆ ਹੁੰਦੀ ਹੈ ਤਾਂ ਇਸ ਅਨੁਸਾਰ ਹੀ ਪੀ. ਐੱਸ. ਈ. ਬੀ. 12ਵੀਂ ਕਲਾਸ ਦੀਆਂ ਸਾਰੀਆਂ ਸਟ੍ਰੀਮਸ ਦੇ 3-3 ਚੁਨਿੰਦਾ ਵਿਸ਼ਿਆਂ ਦੀ ਪ੍ਰੀਖਿਆ ਕਰਵਾਉਣ ਦੀ ਤਿਆਰੀ ਸ਼ੁਰੂ ਕਰ ਸਕਦਾ ਹੈ। ਯਾਦ ਰਹੇ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪ੍ਰੀਖਿਆਵਾਂ ਪਿਛਲੇ ਸਾਲ ਵੀ ਕੋਰੋਨਾ ਮਹਾਮਾਰੀ ਕਾਰਨ ਰੱਦ ਹੋ ਗਈਆਂ ਸਨ। ਇਸ ਵਾਰ ਪੰਜਾਬ ਸਰਕਾਰ ਅਤੇ ਪੀ. ਐੱਸ. ਈ. ਬੀ. ਵੱਲੋਂ ਵਿਦਿਆਰਥੀਆਂ ਦੇ ਭਵਿੱਖ ਨੂੰ ਦੇਖਦੇ ਹੋਏ 12ਵੀਂ ਕਲਾਸ ਦੀ ਪ੍ਰੀਖਿਆ ਨੂੰ ਟਾਲ ਦਿੱਤਾ ਗਿਆ ਹੈ ਕਿਉਂਕਿ ਇਸੇ ਪ੍ਰੀਖਿਆ ਦੇ ਆਧਾਰ 'ਤੇ ਬੱਚਿਆਂ ਨੇ ਆਪਣੀ ਅਗਲੀ ਪੜਾਈ ਕਰਨੀ ਹੁੰਦੀ ਹੈ। ਦੱਸ ਦੇਈਏ ਕਿ 12ਵੀਂ ਕਲਾਸ ਦੀ ਪ੍ਰੀਖਿਆ 22 ਮਾਰਚ ਤੋਂ ਸ਼ੁਰੂ ਹੋਣੀ ਸੀ, ਉਸ ਤੋਂ ਬਾਅਦ ਬੋਰਡ ਨੇ ਕੋਰੋਨਾ ਵਾਇਰਸ ਨੂੰ ਦੇਖਦੇ ਹੋਏ ਪ੍ਰੀਖਿਆ ਦੀ ਸ਼ੁਰੂ ਹੋਣ ਵਾਲੀ ਤਾਰੀਖ 20 ਅਪ੍ਰੈਲ ਕਰ ਦਿੱਤੀ ਸੀ ਪਰ ਉਸ ਤੋਂ ਬਾਅਦ ਇਸ ਨੂੰ ਅਗਲੇ ਹੁਕਮਾਂ ਤੱਕ ਲਈ ਟਾਲ ਦਿੱਤਾ ਗਿਆ ਸੀ। ਵਰਨਣਯੋਗ ਹੈ ਕਿ ਇਸ ਸਾਲ ਲਗਭਗ 3 ਲੱਖ ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ 12ਵੀਂ ਕਲਾਸ ਦੀਆਂ ਪ੍ਰੀਖਿਆ 'ਚ ਅਪੀਅਰ ਹੋਣਗੇ।



# ਬਲੈਕ ਫੰਗਸ ਨਾਲ ਪੀੜਿਤ ਵਿਕਤੀਆਂ ਲਈ ਸਹਿਤ ਵਿਭਾਗ ਨੇ ਜਾਰੀ ਕੀਤੀ ਹੈਲਪਲਾਈਨ



**ਪੰਚਕਲਾ (ਦੀਪਕ ਸ਼ਰਮਾ)** ਕੋਰੋਨਾ ਦੇ ਨਾਲ, ਹੁਣ ਬ੍ਲੈਕ ਫੰਗਸ ਨੇ ਜਲਿ ਦੇ ਲੋਕਾਂ ਵਿੱਚ ਦਹਿਸਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ । ਪੰਚਕੂਲਾ ਵਿੱਚ ਦਸ ਦਿਨਾਂ ਦੇ ਅੰਤਰਾਲ ਵਿੱਚ ਨੌਂ ਕੇਸ ਸਾਹਮਣੇ ਆਏ ਹਨ । ਇਸ ਬਿਮਾਰੀ ਨਾਲ ਜੂਝ ਰਹੇ ਲੋਕਾਂ ਦੀ ਗਿਣਤੀ ਦਿਨੋ ਦਿਨ ਵੱਧ ਰਹੀ ਹੈ । ਐਤਵਾਰ ਨੂੰ ਰਾਏਪੁਰਰਾਣੀ ਨਿਵਾਸੀ ਵਿਚ ਬ੍ਲੈਕ ਫੰਗਸ ਦੀ ਪੁਸਟੀ ਹੋਈ ਹੈ । ਜਾਂਚ ਤੋਂ ਬਾਅਦ ਮਰੀਜ ਨੂੰ ਪੀ.ਜੀ.ਆਈ ਰੈਫਰ ਕਰ ਦਿੱਤਾ ਗਿਆ । ਪਿਛਲੇ ਪੰਜ ਦਿਨਾਂ ਵਿਚ ਮਰੀਜਾਂ ਦੀ ਗਿਣਤੀ ਲਗਭਗ ਚਾਰ ਗੁਣਾ ਵਧੀ ਹੈ । ਸੀ.ਐੱਮ.ਓ ਡਾ.ਜਸਜੀਤ ਕੌਰ ਦਾ ਕਹਿਣਾ ਹੈ ਕਿ ਇਹ ਲੱਛਣ ਕੋਰੋਨਾ ਦੇ ਮਰੀਜਾਂ ਵਿੱਚ ਪਾਏ ਗਏ ਹਨ । ਕਾਲਕਾ, ਪਿੰਜੌਰ, ਰਾਏਪੁਰਰਾਨੀ ਅਤੇ ਮੋਰਨੀ ਦੇ ਮਰੀਜਾਂ ਵਿਚ ਬ੍ਲੈਕ ਫੰਗਸ ਦੇ ਮਾਮਲੇ ਸਾਹਮਣੇ ਆਏ ਹਨ ।

ਡਾ: ਜਸਜੀਤ ਕੌਰ ਨੇ ਦੱਸਿਆ ਕਿ ਬ੍ਲੈਕ ਫੰਗਸ ਹੋਣ ਤੇ ਮਰੀਜਾਂ ਨੂੰ ਤਣਾਅ ਨਹੀਂ ਲੈਣਾ ਚਾਹੀਦਾ ਅਤੇ ਲੱਛਣ ਮਿਲਣ 'ਤੇ ਸਮਾਂ ਗੁਆਏ ਬਗੈਰ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ । ਮਰੀਜ ਨੂੰ ਮਾਨਸਿਕ ਤੌਰ 'ਤੇ ਮਜਬੂਤ ਹੋਣ ਦੀ ਜਰੂਰਤ ਹੁੰਦੀ ਹੈ । ਪੀੜਤ ਵਿਅਕਤੀ ਸਿਹਤ ਵਿਭਾਗ ਦੀ ਹੈਲਪਲਾਈਨ ਤੇ ਸਲਾਹ ਲੀਤੀ ਜਾ ਸਕਦੀ ਹੈ । ਸਿਹਤ ਵਿਭਾਗ ਨੇ ਸਟੇਟ ਕੋਵਿਡ ਹੈਲਪਲਾਈਨ ਨੰਬਰ 1075 ਅਤੇ 855889311 ਵਿੱਚ ਆਈ.ਵੀ.ਆਰ -6 (ਇੰਟਰਐਕਟਿਵ ਵੌਇਸ ਰਿਸਪਾਂਸ -6) ਸਾਮਲ ਕੀਤਾ ਹੈ । ਇਹ ਹੈਲਪਲਾਈਨ ਇੱਕ ਦੁਖੀ ਵਿਅਕਤੀ ਨੂੰ ਇੱਕ ਮਨੋਵਿਗਿਆਨੀ ਨਾਲ ਜੋੜਦੀ ਹੈ, ਜੋ ਉਨਾਂ ਨੂੰ ਲੋੜ ਅਨੁਸਾਰ ਸਲਾਹ ਦਿੰਦਾ ਹੈ । ਵਰਤਮਾਨ ਵਿੱਚ, 12 ਅਜਿਹੇ ਮਨੋਵਿਗਿਆਨਕਾਂ ਦੀ ਡਿਊਟੀ ਲਗਾਈ ਗਈ ਹੈ, ਜੋ ਕਿ ਹਫਤੇ ਦੇ ਸੱਤ ਦਿਨ ਸਵੇਰੇ 9 ਵਜੇ ਤੋਂ ਸਾਮ 6 ਵਜੇ ਤੱਕ ਵੱਖ ਵੱਖ ਟਾਈਮ-ਸਲੋਟਾਂ ਵਿੱਚ ਉਪਲਬਧ ਹੋਣਗੇ ।

# ਸੁਖਜਿੰਦਰ ਸਿੰਘ ਨੂੰ ਲਗਾਇਆ ਗਿਆ ਉਤਰਾਖੰਡ ਸਟੇਟ ਆਲ ਇੰਡੀਆ ਅਨਔਰਗੋਨਾਇਜ ਵਰਕਰਸ ਕਾਂਗਰਸ ਦਾ ਇੰਚਾਰਜ਼

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਆਲ ਇੰਡੀਆ ਕਾਂਗਰਸ ਕਮੇਟੀ ਦੀ ਚੇਅਰਪਰਸਨ ਸ਼੍ਰੀ ਮਤੀ ਸੋਨੀਆ ਗਾਂਧੀ ਜੀ ਸ਼੍ਰੀ ਰਾਹੁਲ ਗਾਂਧੀ ਜੀ ਅਤੇ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸ਼੍ਰੀ ਕੇ. ਸੀ ਵੇਣੂਗੋਪਾਲ ਵਲੋਂ ਸੁਖਜਿੰਦਰ ਸਿੰਘ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦੇ ਵਿਭਾਗ ਆਲ ਇੰਡੀਆ ਅਨਔਰਗੋਨਾਇਜ ਵਰਕਰਸ ਕਾਂਗਰਸ ਦਾ ਨੈਸ਼ਨਲ ਐਕਸਕਿਉਟਿਵ ਮੈਂਬਰ ਲਗਾਉਂਦੇ ਹੋਏ ਨੈਸ਼ਨਲ ਚੇਅਰਮੈਨ ਸ਼੍ਰੀ ਅਰਬਿੰਦ ਸਿੰਘ ਵਲੋ ਸੁਖਜਿੰਦਰ ਸਿੰਘ ਨੂੰ ਪੰਜਾਬ ਵਿੱਚ ਸਹਿਯੋਗ ਦੇਣ ਦੇ ਨਾਲ ਉਤਰਾਖੰਡ ਸਟੇਟ ਦੀ ਜਿੰਮੇਵਾਰੀ ਦੇ ਕੇ ਆਲ ਇੰਡੀਆ ਅਨਔਰਗੋਨਾਇਜ ਵਰਕਰਸ ਕਾਂਗਰਸ ਦਾ ਇੰਚਾਰਜ਼ ਲਗਾਇਆ ਗਿਆ ਜਿਸ ਨਾਲ ਉਤਰਾਖੰਡ ਵਿੱਚ ਅਨਔਰਗੋਨਾਇਜ ਵਰਕਰ, ਫੈਕਟਰੀ ਮਜਦੂਰ ਅਤੇ ਹੋਰ ਕੰਮਾਂ ਨਾਲ ਸੰਬੰਧਤ ਮਜ਼ਦੂਰ ਵਰਗ ਦੀਆ ਮੁਸ਼ਕਿਲਾ ਨੂੰ ਹੱਲ ਕਰਦੇ ਹੋਏ ਉਹਨਾਂ ਨੂੰ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਨਾਲ ਜੋੜੀਆਂ ਜਾ ਸਕੇ ਅਤੇ ਕਾਂਗਰਸ ਪਾਰਟੀ ਹਰ ਮਜ਼ਦੂਰ ਦੇ ਹੱਕ ਨੂੰ ਕੇਂਦਰ ਸਰਕਾਰ ਤੋ ਦਿਵਾ ਸਕੇ ਇਸ ਤੇ ਸੁਖਜਿੰਦਰ ਸਿੰਘ ਨੇ ਮਾਨਯੋਗ ਆਲ ਕਾਂਗਰਸ ਕਮੇਟੀ ਚੇਅਰਪਰਸਨ ਸ਼੍ਰੀਮਤੀ ਸੋਨੀਆ ਗਾਂਧੀ ਜੀ , ਸ਼੍ਰੀ ਰਾਹੁਲ ਗਾਂਧੀ ਜੀ , ਇਸ ਵਿਭਾਗ ਦੇ ਨੈਸ਼ਨਲ ਚੇਅਰਮੈਨ ਸ਼੍ਰੀ ਅਰਬਿੰਦ ਸਿੰਘ ਜੀ , ਪੰਜਾਬ ਇੰਚਾਰਜ ਸ਼੍ਰੀ ਹਰੀਸ਼ ਰਾਵਤ ਜੀ , ਪੰਜਾਬ ਮੁੱਖਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਅਤੇ ਪੰਜਾਬ ਕਾਂਗਰਸ ਕਮੇਟੀ ਪ੍ਰਧਾਨ ਸ਼੍ਰੀ ਸੁਨੀਲ ਜਾਖੜ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਕਿ ਉਹਨਾਂ ਨੇ ਮੈਨੂੰ ਇੰਨੀ ਵੱਡੀ ਜ਼ਿੰਮੇਵਾਰੀ ਦੇ ਕੇ ਜੋ ਮਾਣ ਬਖਸ਼ਿਆ ਤੇ ਮੈ ਪੁਰਜੋਰ ਨਾਲ ਮਿਹਨਤ ਕਰਦਿਆਂ ਇਸ ਜ਼ਿੰਮੇਵਾਰੀ ਨੂੰ ਨਿਭਾਵਾਂਗਾ ਇਸ ਮੌਕੇ ਅਨਿਲ ਖਟਵਾਲ, ਨਰਿੰਦਰ ਸਿੰਘ ਤਰਨਤਾਰਨ, ਗੁਰਬੀਰ ਸਿੰਘ, ਰਜਿੰਦਰ ਸਿੰਘ, ਅਮਨਦੀਪ ਸਿੰਘ, ਸਤਨਾਮ ਸਿੰਘ ਆਦਿ ਹਾਜ਼ਰ ਸਨ।



# ਕੈਂਦਰ ਤੇ ਸੂਬਾ ਸਰਕਾਰ ਦੇ ਵੈਕਸੀਨ ਪ੍ਰਬੰਧਾਂ ਦੀ ਖੁੱਲੀ ਪੋਲ, ਲੋਕਾਂ ਨੂੰ ਛੱਡਿਆ ਰੱਬ ਆਸਰੇ ਡਾ: ਸ਼ਿਵ ਦਿਆਲ ਮਾਲੀ

## ਪੰਜਾਬ ਦੇ ਸਰਕਾਰੀ ਹਸਪਤਾਲਾਂ ਦੇ ਨਕਾਰਾ ਪ੍ਰਬੰਧਾਂ ਕਰਕੇ ਨਿੱਜੀ ਹਸਪਤਾਲਾਂ ਨੇ ਮਚਾਈ ਲੁੱਟ – ਸੋਢੀ

**ਜਲੰਧਰ।** ਕੈਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਕੈਪਟਨ ਸਰਕਾਰ ਕਰੋਨਾ ਮਹਾਮਾਰੀ ਦੇ ਚੱਲਦਿਆਂ ਸੂਬੇ ਦੇ ਆਮ ਲੋਕਾਂ ਨੂੰ ਕਰੋਨਾ ਤੋਂ ਬਚਾਉਣ ਵਾਲਾ ਕੋਵੈਕਸੀਨ ਦਾ ਟੀਕਾ ਮਹੁੱਈਆ ਕਰਵਾਉਣ ਵਿੱਚ ਨਾਕਾਮ ਸਾਬਿਤ ਹੋਈਆਂ ਹਨ। ਦੋਹਾਂ ਸਰਕਾਰਾਂ ਦੇ ਮਾੜੇ ਵੈਕਸੀਨ ਪ੍ਰਬੰਧਾਂ ਦੀ ਪੋਲ ਖੁਲ੍ਹ ਚੁਕੀ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੇ ਲੋਕਾਂ ਨੂੰ ਰੱਬ ਆਸਰੇ ਛੱਡਿਆ ਹੋਇਆ ਹੈ। ਅੱਜ ਜਿਲ੍ਹੇ ਦੀ ਸਮੂਹ ਲੀਡਰਸ਼ਿਪ ਅਤੇ ਜ਼ਿਲ੍ਹਾ ਪ੍ਰਧਾਨ ਜਲੰਧਰ ਸੁਰਿੰਦਰ ਸੋਢੀ ਅਤੇ ਡਾ: ਸ਼ਿਵ ਦਿਆਲ ਮਾਲੀ ਸੂਬਾ ਮੀਤ ਪ੍ਰਧਾਨ, ਐਸ.ਸੀ. ਵਿੰਗ ਨੇ ਵੈਕਸੀਨ ਦੀ ਘਾਟ ਕਰਕੇ ਦੋਹਾਂ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕੀਤਾ।ਪ੍ਰੈਸ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸੋਢੀ ਅਤੇ ਡਾ: ਸ਼ਿਵ ਦਿਆਲ ਮਾਲੀ ਸੂਬਾ ਮੀਤ ਪ੍ਰਧਾਨ, ਐਸ.ਸੀ. ਵਿੰਗ ਨੇ ਸਾਂਜਾ ਬਿਆਨ ਰਾਹੀਂ ਵੈਕਸੀਨ ਦੀ ਘਾਟ ਨੂੰ ਲੈ ਕੇ ਮੌਜੂਦਾ ਸਰਕਾਰਾਂ ਦੀ ਨਾਕਾਮੀਆਂ ਤੇ ਸਵਾਲ ਚੁੱਕੇ। ਡਾ. ਸ਼ਿਵ ਦਿਆਲ ਮਾਲੀ ਨੇ ਕਿਹਾ ਕਿ ਕੈਂਦਰ ਦੀ ਮੋਦੀ ਸਰਕਾਰ ਅਤੇ ਸੂਬੇ ਦੀ ਕੈਪਟਨ ਸਰਕਾਰ ਦੇ ਵੈਕਸੀਨ ਪ੍ਰਬੰਧਾਂ ਦੀ ਪੋਲ ਖੁਲ੍ਹ ਚੁਕੀ ਹੈ। ਇਸ ਦਾ ਅਸਰ ਇਹ ਹੋਇਆ ਕਿ ਸਰਕਾਰਾਂ ਨੇ ਲੋਕਾਂ ਨੂੰ ਰੱਬ ਆਸਰੇ ਛੱਡਿਆ ਹੋਇਆ ਹੈ। ਲੋਕ ਹੁਣ ਵੈਕਸੀਨੇਸ਼ਨ ਲਈ ਤਰਾਹ ਤਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਚੰਗੇ ਦਿਨਾਂ ਦਾ ਲਾਰਾ ਲਗਾ ਕੇ ਸੱਤਾ ਚ ਆਈ ਕੇਂਦਰ ਸਰਕਾਰ ਨੇ ਵੱਡੀਆਂ ਵੱਡੀਆਂ ਲਾਈਨਾਂ ਬੈਂਕਾਂ ਤੋਂ ਸ਼ੁਰੂ ਕਰਕੇ ਹਸਪਤਾਲਾਂ ਰਾਹੀਂ ਸਮਸਾਨ ਘਾਟਾਂ ਤੱਕ ਪਹੁੰਚਾ ਦਿੱਤੀਆਂ ਹਨ। ਇਸ ਦੀ ਜਿੰਮੇਵਾਰੀ ਸਿੱਧੇ ਤੌਰ ਤੇ ਮੋਦੀ ਸਰਕਾਰ ਦੀ ਹੈ। ਓਧਰ ਕੇਂਦਰ ਦੇ ਰਾਹ ਤੇ ਹੁਣ ਪੰਜਾਬ ਦੀ ਕੈਪਟਨ ਸਰਕਾਰ ਵੀ ਤੁਰ ਪਈ ਹੈ, ਆਮ ਲੋਕਾਂ ਨੂੰ ਆਪਣੇ ਮਰੀਜ਼ਾਂ ਦੇ ਇਲਾਜ ਲਈ ਧੱਕੇ ਖਾਣੇ ਪੈ ਰਹੇ ਹਨ। ਲੋਕ ਆਪਣੇ ਮਰੀਜ਼ਾਂ ਨੂੰ ਸਰਕਾਰੀ ਹਸਪਤਾਲਾਂ ਚ ਕੋਵਿਡ ਦਾ ਇਲਾਜ ਕਰਾਉਣ ਲੈ ਜਾਂਦੇ ਹਨ, ਪਰ ਕੁਝ ਹੀ ਘੰਟਿਆ ਬਾਅਦ ਉਹਨਾਂ ਦੇ ਮਰੀਜ਼ ਨੂੰ ਲਾਸ਼ ਦੇ ਰੂਪ 'ਚ ਵਾਪਸ ਦੇ ਦਿੱਤਾ ਜਾਂਦਾ ਹੈ। ਉਹਨਾਂ ਨੇ ਕਿਹਾ ਕਿ ਪੰਜਾਬ ਵਿੱਚ ਕਰੋਨਾ ਨਾਲ ਮੌਤ ਦੀ ਦਰ ਦੇਸ਼ ਵਿੱਚ ਸਭ ਤੋਂ ਜਿਆਦਾ ਹੋਣ ਨਾਲ ਪਤਾ ਲੱਗਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਰੋਨਾ ਮਹਾਮਾਰੀ ਦੇ ਨਾਲ ਨਜਿੱਠਣ ਵਿੱਚ ਬਿਲਕੁਲ ਫੇਲ ਸਾਬਿਤ ਹੋਈ ਹੈ। ਕੇਂਦਰ ਦੀ ਮੋਦੀ ਸਰਕਾਰ ਨੂੰ ਲੋਕਾਂ ਨੂੰ ਕਰੋਨਾ ਤੋਂ ਬਚਾਉਣ ਲਈ ਰਾਸ਼ਟਰੀ ਟੀਕਾਕਰਨ ਮੁਹਿੰਮ ਚਲਾਉਣੀ ਚਾਹੀਦੀ ਹੈ।

ਜਿਲ੍ਹਾ ਪ੍ਰਧਾਨ ਸੁਰਿੰਦਰ ਸੋਢੀ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਸੀਰਮ ਇੰਸਟੀਚਿਊਟ ਕੋਲ 26 ਅਪਰੈਲ ਨੂੰ 18-45 ਸਾਲ ਉਮਰ ਵਰਗ ਲਈ ਕੋਵੀਸ਼ੀਲਡ ਦੀਆਂ 30 ਲੱਖ ਖੁਰਾਕਾਂ ਦਾ ਆਰਡਰ ਦਿੱਤਾ ਗਿਆ ਸੀ ਪਰ ਉਨ੍ਹਾਂ ਪਾਸੋਂ ਜਵਾਬ ਆਇਆ ਕਿ ਵੈਕਸੀਨ ਦੀ ਉਪਲੱਬਧਤਾ ਦਾ ਪਤਾ ਚਾਰ ਹਫਤਿਆਂ ਦੇ ਅੰਦਰ ਲੱਗੇਗਾ। ਮੋਦੀ ਸਰਕਾਰ ਦਾ ਕਹਿਣਾ ਸੀ ਕਿ ਸੂਬਾ ਸਰਕਾਰਾਂ ਆਪ ਵੈਕਸੀਨ ਖਰੀਦਣ ਪਰ ਵੈਕਸੀਨ ਕੰਪਨੀਆਂ ਸੂਬੇਆਂ ਨੂੰ ਵੈਕਸੀਨ ਵੇਚਣ ਨੂੰ ਤਿਆਰ ਨਹੀਂ ਹਨ। ਕੇਂਦਰ ਸਰਕਾਰ ਦੇ ਪਹਿਲਾਂ ਹੀ ਹੱਥ ਖਿੱਚਣ ਤੋਂ ਬਾਅਦ ਹੁਣ ਵੈਕਸੀਨ ਬਣਾਉਣ ਵਾਲੀ ਕੰਪਨੀ ਮੌਡਰਨਾ ਨੇ ਸੂਬਾ ਸਰਕਾਰ ਨੂੰ ਵੈਕਸੀਨ ਦੇਣ ਤੋਂ ਇਨਕ-ਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵੈਕਸੀਨ ਦੀ ਸਪਲਾਈ ਨਾ ਹੋਣ ਕਾਰਨ 18-45 ਸਾਲ ਉਮਰ ਵਰਗ ਦੇ ਵੀ ਟੀਕਾਕਰਨ ਨਹੀਂ ਹੋ ਪਾ ਰਿਹਾ ਹੈ। ਆਮ ਲੋਕ ਖੱਜਲ-ਖੁਆਰ ਹੋ ਰਹੇ ਹਨ। ਸਰਕਾਰ ਦੀ ਟੀਕਾਕਰਨ ਦੀ ਤਿਆਰੀ ਤੇ ਯੋਜਨਾਬੰਧੀ ਵਿੱਚ ਅਸਫਲਤਾ ਪੂਰੀ ਤਰਾਹ ਬੇਨਕਾਬ ਹੋ ਚੁੱਕੀ, ਆਪਣਾ ਅਕਸ ਚਮਕਾਉਣ ਦੇ ਲਾਲਚ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਦੇਸ਼ਾਂ ਨੂੰ ਵੈਕਸੀਨ ਵੇਚ ਪਹਿਲਾਂ ਆਪਣੇ ਦੇਸ਼ ਦੇ ਲੋਕਾਂ ਦੀ ਜਾਨ ਖ਼ਤਰੇ ਵਿੱਚ ਪਾ ਚੁਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਵੀ ਵੈਕਸੀਨ ਲਗਾਉਣ ਵਾਲੇ ਨਿਜੀ ਹਸਪਤਾਲਾਂ ਤੇ ਕੋਈ ਨਿਯੰਤਰਣ ਨਹੀਂ, 600 ਵਾਲੀ ਵੈਕਸੀਨ ਕੋਈ 900 ਤਾਂ ਕੋਈ 1200 ਦੀ ਲਗਾ ਰਿਹਾ ਹੈ। ਆਮ ਲੋਕਾਂ ਦੀ ਖੂਬ ਲੁੱਟ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਸਰਕਾਰ ਵੈਕਸੀਨੇਸਨ ਲਈ ਉਤਸ਼ਾਹਿਤ ਕਰ ਰਹੀ ਹੈ, ਤੇ ਦੂਜੇ ਪਾਸੇ ਵੈਕਸੀਨ ਦੀ ਘਾਟ ਦਾ ਰੋਣਾ ਰੋਇਆ ਜਾ ਰਿਹਾ ਹੈ।

ਦੋਹਾਂ ਆਗੂਆਂ ਨੇ ਕਿਹਾ ਕਿ ਦੂਜੇ ਪਾਸੇ ਹਸਪਤਾਲਾਂ ਵਿੱਚ ਕਰੋਨਾ ਪੀੜਤਾਂ ਨੂੰ ਇਲਾਜ ਦੇ ਦੌਰਾਨ ਦਿੱਤੀ ਜਾਣ ਵਾਲੀ "ਫਤਿਹ ਕਿਟ" ਦੀ ਵੀ ਵੱਡੀ ਘਾਟ ਪਾਈ ਜਾ ਰਹੀ ਹੈ। ਜਿਸ ਵਿੱਚ ਮਰੀਜ਼ ਨੂੰ ਦਵਾਈਆਂ, ਆਕਸੀਮੀਟਰ, ਸੈਨੀਟਾਇਜ਼ਰ ਅਤੇ ਇਲਾਜ ਲਈ ਹੋਰ ਜਰੂਰੀ ਸਮਾਨ ਦਿੱਤਾ ਜਾਂਦਾ ਹੈ। ਇਹ ਕਿੱਟ ਸਰਕਾਰ ਵਲੋਂ ਮਰੀਜ਼ ਨੂੰ ਹਸਪਤਾਲ ਜਾਂ ਘਰ ਵਿੱਚ ਇਕਾਂਤਵਾਸ ਹੋਣ ਲੇ ਦੌਰਾਨ ਦਿੱਤੀ ਜਾਂਦੀ ਹੈ। ਇਹਨਾਂ ਕਿੱਟਾਂ ਦੀ ਘਾਟ ਹੋਣ ਕਰਕੇ ਇਲਾਜ ਦੇ ਦੌਰਾਨ ਕਿੱਟ ਵਿੱਚ ਸ਼ਾਮਿਲ ਜਰੂਰੀ ਸਮਾਨ ਦੀ ਕਾਲਾਬਜ਼ਾਰੀ ਵੱਧ ਗਈ ਹੈ। ਜਿਹੜੀ ਚੀਜ਼ ਪਹਿਲਾਂ 300/- ਰੁਪਏ ਦੀ ਮਿਲ ਰਹੀ ਸੀ। ਉਹ ਹੁਣ 1000/- ਰੁਪਏ ਤੋਂ ਜਿਆਦਾ ਦੀ ਮਿਲ ਰਹੀ ਹੈ। ਇਸ ਕਾਲਾਬਜ਼ਾਰੀ ਤੇ ਨਕੇਲ ਕੱਸ ਕੇ ਕੈਪਟਨ ਸਰਕਾਰ ਨੂੰ ਕਾਲਾ ਬਾਜ਼ਾਰੀਆਂ ਉਪਰ ਸਖਤ ਐਕਸ਼ਨ ਲੈਣਾ ਚਾਹੀਦਾ ਹੈ। ਆਮ ਆਦਮੀ ਪਾਰਟੀ ਮੰਗ ਕਰਦੀ ਹੈ ਜਲਦ ਤੋਂ ਜਲਦ ਪੰਜਾਬ ਦੇ ਆਮ ਲੋਕਾਂ ਨੂੰ ਕਰੋਨਾ ਦੀ ਵੈਕਸੀਨ ਉਪਲੱਬਧ ਕਰਵਾਈ ਜਾਵੇ, ਤਾਂ ਜੋ ਲੋਕ ਇਸ ਕਰੋਨਾ ਮਹਾਮਾਰੀ ਨਾਲ ਡੱਟ ਕੇ ਮੁਕਾਬਲਾ ਕਰ ਸਕਣ। ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਕੈਪਟਨ ਸਰਕਾਰ ਆਪਣਾ ਦੋਹਰਾ ਚਿਹਰਾ ਦਿਖਾ ਕੇ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀਆਂ ਹਨ।

# 26 ਨੂੰ ਦੇਸ਼ ਭਰ ਦੇ ਕਿਸਾਨ ਘਰਾਂ ਅਤੇ ਵਾਹਨਾਂ 'ਤੇ ਕਾਲੇ ਝੰਡੇ ਲਾ ਕੇ ਰੋਸ ਪ੍ਰਗਟਾਉਣ : ਟਿਕੈਤ

**ਚੰਡੀਗੜ (ਦੀਪਕ ਸ਼ਰਮਾ)** 26 ਮਈ ਨੂੰ ਪੂਰੇ ਦੇਸ਼ਵਾਸੀ ਮੋਦੀ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਨ ਲਈ ਆਪੋ-ਆਪਣੀਆਂ ਗੱਡੀਆਂ ਤੇ ਘਰਾਂ 'ਤੇ ਕਾਲੇ ਝੰਡੇ ਲਾਉਣ ਅਤੇ ਕਾਲੇ ਕੱਪੜੇ ਪਹਿਨ ਰੋਸ ਪ੍ਰਗਟਾਉਣ। ਇਹ ਅਪੀਲ ਇੱਥੇ ਸੰਯੁਕਤ ਕਿਸਾਨ ਮੋਰਚਾ ਦੇ ਪ੍ਰਮੁੱਖ ਆਗੂ ਰਾਕੇਸ਼ ਟਿਕੈਤ ਨੇ ਕੀਤੀ। ਉਹ ਇੱਥੇ ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਸੰਧੂ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਪਹੁੰਚੇ ਸਨ। ਉਨਾਂ ਕਿਹਾ ਕਿ 26 ਮਈ ਨੂੰ ਕਿਸਾਨਾਂ ਦੇ ਦਿੱਲੀ 'ਚ ਧਰਨੇ ਨੂੰ 6 ਮਹੀਨੇ ਪੂਰੇ ਹੋ ਜਾਣਗੇ। ਦੇਸ਼ ਭਰ ਦੇ ਕਿਸਾਨ ਜਿੱਥੇ ਵੀ 26 ਮਈ ਨੂੰ ਹੋਣ, ਉਸੇ ਥਾਂ 'ਤੇ ਆਪੋ-ਆਪਣੇ ਟਰੈਕਟਰਾਂ ਵਾਹਨਾਂ ਘਰਾਂ ਆਦਿ 'ਤੇ ਕਾਲੇ ਝੰਡੇ ਲਾ ਕੇ ਅਤੇ ਕਾਲੇ ਕੱਪੜੇ ਪਹਿਨ ਕੇ ਰੋਸ ਪ੍ਰਗਟ ਕਰਨ। ਬੰਗਾਲ ਚੋਣਾਂ ਵਿਚ ਹੋਈ ਤ੍ਰਿਣਮੂਲ ਕਾਂਗਰਸ ਦੀ ਜਿੱਤ ਸਬੰਧੀ ਕਿਸਾਨਾਂ ਦੇ ਰੋਲ ਬਾਰੇ ਪੁੱਛਣ 'ਤੇ ਟਿਕੈਤ ਨੇ ਕਿਹਾ ਕਿ ਬੰਗਾਲ ਦੇ ਲੋਕ ਪਹਿਲਾਂ ਸਰਕਾਰਾਂ ਕੋਲੋਂ ਮੁੱਠੀ ਭਰ ਚਾਵਲ ਮੰਗਦੇ ਸਨ ਪਰ ਅਸੀਂ ਉਨਾਂ ਨੂੰ ਕਿਹਾ ਕਿ ਸਰਕਾਰ ਕੋਲੋਂ ਐੱਮ. ਐੱਸ. ਪੀ. ਦੀ ਮੰਗ ਕਰੋ। ਲੋਕਾਂ ਨੇ ਗੱਲ ਸਮਝ ਲਈ ਅਤੇ ਭਾਜਪਾ ਨੂੰ ਮੂੰਹ ਦੀ ਖਾਣੀ ਪਈ। ਬਾਕੀ ਰਾਜਾਂ ਵਿਚ ਵੀ ਭਾਜਪਾ ਦਾ ਇਹੋ ਹਾਲ ਹੋਵੇਗਾ। ਦੀਪ ਸਿੱਧੂ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਟਿਕੈਤ ਨੇ ਕਿਹਾ ਕਿ ਦੀਪ ਸਿੱਧੂ ਨੇ 25 ਜਨਵਰੀ ਨੂੰ ਸ਼ਾਮ 7 ਵਜੇ ਇਹ ਐਲਾਨ ਕਰ ਦਿੱਤਾ ਸੀ ਕਿ ਉਹ ਲਾਲ ਕਿਲੇ 'ਤੇ ਝੰਡਾ ਲਾਵੇਗਾ। ਉਹ 26 ਜਨਵਰੀ ਨੂੰ ਉੱਥੇ ਪਹੁੰਚ ਗਿਆ ਅਤੇ 9 ਵਜੇ ਇਕ ਧਾਰਮਿਕ ਝੰਡਾ ਕਿਲੇ ਉੱਤੇ ਲਹਿਰਾ ਦਿੱਤਾ। ਇਸ ਵਿਚ ਕੀ ਗਲਤ ਹੈ। ਦੇਸ਼ ਵਿਚ ਜੋ ਕੋਈ ਵੀ ਧਾਰਮਿਕ ਝੰਡੇ ਦੀ ਧਾਰਾ ਹੈ, ਉਸ ਦੇ ਅਧੀਨ ਕੇਸ ਦਾਇਰ ਕੀਤਾ ਜਾਣਾ ਚਾਹੀਦਾ ਸੀ। ਤਿਰੰਗੇ ਦਾ ਕਿਸੇ ਤਰਾਂ ਕੋਈ ਅਪਮਾਨ ਨਹੀਂ ਕੀਤਾ ਗਿਆ, ਸਗੋਂ 4 ਲੱਖ ਕਿਸਾਨ ਦਿੱਲੀ ਦੀਆਂ ਸੜਕਾਂ ਉੱਤੇ ਤਿਰੰਗਾ ਲੈ ਕੇ ਘੁੰਮ ਰਹੇ ਸਨ। ਉਨਾਂ ਕਿਹਾ ਕਿ ਲਾਲ ਕਿਲਾ ਸਰਕਾਰ ਦਾ ਨਹੀਂ ਹੈ, ਬਲਕਿ ਡਾਲਮੀਆ ਦਾ ਹੈ। ਇਸ ਲਈ ਡਾਲਮੀਆ ਨੂੰ ਕੋਈ ਅਜਿਹੀ ਮੰਗ ਕਰਨੀ ਚਾਹੀਦੀ ਸੀ। ਦੀਪ ਸਿੱਧੂ ਸਮੇਤ ਸਾਰੇ ਹੀ ਕਿਸਾਨ ਬੇਕਸੂਰ ਹਨ। ਕਿਸਾਨ ਪਿਛਲੇ 30 ਸਾਲਾਂ ਤੋਂ ਇਹ ਕਹਿੰਦੇ ਆ ਰਹੇ ਹਨ ਕਿ ਉਹ ਪਾਰਲੀਮੈਂਟ 'ਤੇ ਜਾਣਗੇ। ਅੱਜ ਤਕ ਕਦੇ ਵੀ ਕਿਸੇ ਕਿਸਾਨ ਨੂੰ ਸਰਕਾਰ ਨੇ ਪਾਰਲੀਮੈਂਟ ਨੇੜੇ ਤਕ ਵੀ ਢੁਕਣ ਦਿੱਤਾ? ਸਾਰਿਆਂ ਨੂੰ ਬਹਿਕਾ ਕੇ ਲਾਲ ਕਿਲੇ ਵੱਲ ਲਿਜਾਇਆ ਗਿਆ, ਇਹ ਸਰਕਾਰ ਦੀ ਗਿਣੀ-ਮਿੱਥੀ ਸਾਜ਼ਿਸ਼ ਸੀ। ਹਰਿਆਣਾ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਕੁਝ ਮੰਤਰੀਆਂ ਵੱਲੋਂ ਇਹ ਕਹੇ ਜਾਣ ਤੇ ਕਿ ਸੰਯੁਕਤ ਮੋਰਚੇ ਤੋਂ ਆਉਣ ਵਾਲੇ ਕਿਸਾਨ ਕੋਰੋਨਾ ਫੈਲਾਅ ਰਹੇ ਹਨ ਤਾਂ ਟਿਕੈਤ ਨੇ ਵਿਅੰਗਮਈ ਤਰੀਕੇ ਨਾਲ ਕਿਹਾ ਕਿ ਦੇਸ਼ ਵਿਚ ਜਿੰਨੇ ਵੀ ਅਧਿਕਾਰੀ, ਭਾਜਪਾ ਦੇ ਮੰਤਰੀ ਜਾਂ ਹੋਰ ਕਰਮਚਾਰੀ ਕੋਰੋਨਾ ਨਾਲ ਮਰ ਰਹੇ ਹਨ ਕੀ ਉਹ ਸਾਰੇ ਮੋਰਚੇ 'ਤੇ ਗਏ ਸਨ। ਕੋਰੋਨਾ ਇਕ ਬੀਮਾਰੀ ਹੈ, ਸਰਕਾਰ ਨੂੰ ਇਸ ਦਾ ਇਲਾਜ ਕਰਨਾ ਚਾਹੀਦਾ ਹੈ। ਉਨਾਂ ਨਾਲ ਹੀ ਕਿਹਾ ਕਿ ਕਿਸਾਨ ਕਿਸੇ ਵੀ ਤਰੀਕੇ ਨਾਲ ਦਿੱਲੀ ਤੋਂ ਨਹੀਂ ਹਟਣਗੇ। ਇਹ ਸ਼ਾਹੀਨ ਬਾਗ਼ ਦਾ ਅੰਦੋਲਨ ਨਹੀਂ ਹੈ, ਜਿਸ ਨੂੰ ਸਰਕਾਰ ਹਟਾ ਦੇਵੇਗੀ। ਟਿਕੈਤ ਨੂੰ ਵਿਦੇਸ਼ਾਂ ਤੋਂ ਆ ਰਹੀਆਂ ਧਮਕੀਆਂ ਸਬੰਧੀ ਪੁੱਛੇ ਜਾਣ 'ਤੇ ਕਿਹਾ ਕਿ ਜੋ ਲੋਕ ਗੁੰਡੇ ਹਨ ਉਹ ਅਜਿਹਾ ਕੰਮ ਕਰਦੇ ਹਨ। ਮਹਾਤਮਾ ਗਾਂਧੀ ਸ਼ਾਂਤੀ ਦੇ ਪੁਜਾਰੀ ਸਨ ਉਨਾਂ ਨੂੰ ਗੋਲੀ ਨਾਲ ਮਾਰ ਦਿੱਤਾ ਗਿਆ। ਜਿਸ ਨੇ ਗੋਲੀ ਚਲਾਈ ਉਹ ਇਨਾਂ ਦਾ ਮਹਾਤਮਾ ਬਣਿਆ ਹੋਇਆ ਹੈ।



# ਰਵਨੀਤ ਬਿੱਟੂ ਨੇ ਹੁਣ ਨਵਜੋਤ ਸਿੱਧੂ ਖਿਲਾਫ ਕਹੀ ਵੱਡੀ ਗੱਲ, ਪਹਿਲਾਂ ਕੈਪਟਨ ਨੂੰ ਦੇ ਚੁੱਕੇ ਨੇ ਨਸੀਹਤ



**ਚੰਡੀਗੜ (ਦੀਪਕ ਸ਼ਰਮਾ)** ਬੀਤੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕੋਟਕਪੂਰਾ ਗੋਲੀਕਾਂਡ ਬਾਰੇ ਇਨਸਾਫ ਕਰਨ ਸਬੰਧੀ ਨਸੀਹਤ ਦੇਣ ਵਾਲੇ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਹੁਣ ਕੈਪਟਨ ਦੇ ਹੱਕ 'ਚ ਆ ਗਏ ਹਨ। ਰਵਨੀਤ ਬਿੱਟੂ ਨੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਖਲਿਾਫ ਮੋਰਚਾ ਖੋਲਦੇ ਹੋਏ ਕੈਪਟਨ ਅਮਰਿੰਦਰ ਸਿੰਘ ਦਾ ਸਮਰਥਨ ਕੀਤਾ ਹੈ। ਰਵਨੀਤ ਬਿੱਟੂ ਨੇ ਕਿਹਾ ਕਿ ਸਿੱਧੂ ਦੀ ਐਕਸਪਾਇਰੀ ਡੇਟ ਆ ਗਈ ਹੈ ਅਤੇ ਉਹ ਜਲਦੀ ਹੀ ਪਾਰਟੀ ਬਦਲ ਲੈਣਗੇ। ਰਵਨੀਤ ਬਿੱਟੂ ਨੇ ਕਿਹਾ ਕਿ ਸਿੱਧੂ ਇਕ ਪੈਰਾਸ਼ੂਟ ਆਗੂ ਦੀ ਤਰਾਂ ਹਨ, ਜਿਨਾਂ ਦਾ ਉਨਾਂ ਨੇ ਹਮੇਸ਼ਾ ਵਿਰੋਧ ਕੀਤਾ ਹੈ। ਰਵਨੀਤ ਬਿੱਟੂ ਨੇ ਕਿਹਾ ਕਿ ਨਵਜੋਤ ਸਿੱਧੂ ਦਾ ਸਫਰ ਹਮੇਸ਼ਾ ਪਾਰਟੀਆਂ ਬਦਲਣ ਵਾਲਾ ਰਿਹਾ ਹੈ। ਹਾਲਾਂਕਿ ਉਨਾਂ ਨੇ ਕਿਹਾ ਕਿ ਉਨਾਂ ਨੂੰ ਉਮੀਦ ਹੈ ਕਿ ਕੋਟਕਪੂਰਾ ਗੋਲੀਕਾਂਡ ਮਾਮਲੇ 'ਚ ਮੁੱਖ ਮੰਤਰੀ ਲੋਕਾਂ ਨਾਲ ਜਰੂਰ ਇਨਸਾਫ ਕਰਨਗੇ। ਦੱਸਣਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਜਿੱਥੇ ਨਵਜੋਤ ਸਿੱਧੂ ਰਾਹੀਂ ਟਵੀਟ ਕਰਕੇ ਕਾਂਗਰਸ ਸਰਕਾਰ 'ਤੇ ਲਗਾਤਾਰ ਨਿਸ਼ਾਨੇ ਸਾਧੇ ਜਾ ਰਹੇ ਹਨ, ਉੱਥੇ ਹੀ ਕੈਪਟਨ ਦਾ ਧੜਾ ਵੀ ਲਗਾਤਾਰ ਸਿੱਧੂ ਖਲਿਾਫ ਬਿਆਨਬਾਜੀ ਕਰ ਰਿਹਾ ਹੈ। ਹੁਣ ਤੱਕ ਕਾਂਗਰਸ ਦੇ ਕਈ ਮੰਤਰੀਆਂ ਵੱਲੋਂ ਹਾਈਕਮਾਨ ਨੂੰ ਨਵਜੋਤ ਸਿੱਧੂ ਨੂੰ ਅਨੁਸ਼ਾਸਨਹੀਣਤਾ ਲਈ ਮੁਅੱਤਲ ਕੀਤੇ ਜਾਣ ਦੀ ਮੰਗ ਕੀਤੀ ਜਾ ਚੁੱਕੀ ਹੈ।